ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ
# ਅਤੇ
# ਭਗਤ ਕਬੀਰ ਜੀ


ਲੇਖਕ :

ਡਾ. ਜਸਬੀਰ ਸਿੰਘ 'ਸਾਬਰ



ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),

ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਅਤੇ

## ਭਗਤ ਕਬੀਰ ਜੀ

ਭਗਤ ਕਬੀਰ ਜੀ ਦਾ ਮੱਧਕਾਲੀਨ ਮਹਾਂਪੁਰਸ਼ਾਂ ਦੀ ਭਗਤ-ਸ਼੍ਰਿੰਖਲਾ ਵਿਚ ਅਤੀ ਮਹੱਤਵਪੂਰਨ, ਫ਼ਖ਼ਰਯੋਗ ਸਥਾਨ ਪ੍ਰਵਾਨ ਕੀਤਾ ਜਾਂਦਾ ਹੈ। ਧਰਮ-ਚਿੰਤਨ ਖੇਤਰ ਵਿਚ ਉਹ, ਆਪਣੇ ਸਮੇਂ ਦੇ ਹਰਮਨ ਪਿਆਰੇ, ਲੋਕ ਹਿਤਕਾਰੇ, ਰਾਣਾ ਤੇ ਰੰਕ ਦੋਵਾਂ ਧਿਰਾਂ ਵਲੋਂ ਸਤਿਕਾਰੇ ਜਾਣ ਵਾਲੇ ਤੇਜੱਸਵੀ ਸਿਤਾਰੇ ਸਨ। ਇਸ ਮਾਨ ਸਨਮਾਨ ਦਾ ਮੂਲ ਕਾਰਨ ਹੈ ਸੀ ਉਨ੍ਹਾਂ ਦੀ ਬਾਣੀ ਵਿਚਲੇ ਉਹ ਸੁਰ ਜਿਨ੍ਹਾਂ ਦਾ ਪ੍ਰਮੁੱਖ ਸਰੋਕਾਰ ਸੀ ਮਾਨਵ-ਸਰੀਰ, ਮਾਨਵ-ਸੋਚ, ਮਾਨਵ-ਆਤਮਾ ਅਤੇ ਮਾਨਵ ਦੁੱਖ-ਦਰਦ। ਮਾਨਵ-ਸਮਾਜ ਦੇ ਹਰ ਖੇਤਰ ਵਿਚ ਜੋ ਕੀਰਤੀਮਾਨ ਉਨ੍ਹਾਂ ਨੇ ਆਪਣੇ ਸਮੇਂ ਵਿਚ ਸਥਾਪਤ ਕੀਤੇ ਸਨ ਉਹ ਅੱਜ ਵੀ ਮਨੁੱਖ ਨੂੰ ਧਰਵਾਸ (Consolation) ਅਤੇ ਸਾਹਸ (Inspiration) ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਤੇ ਸਾਰਥਿਕ ਦਿਸਦੇ ਹਨ। ਸ਼ਾਇਦ ਏਹੋ ਪਰਖ ਕਸਵੱਟੀ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹੀ ਜਿਸ ਦੇ ਅਧਾਰ 'ਤੇ ਉਨ੍ਹਾਂ ਨੇ ਭਗਤ ਕਬੀਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤਿਕਾਰਯੋਗ ਸਥਾਨ ਦਿੱਤਾ। ਸਿੱਟਾ ਇਹ ਹੈ ਕਿ ਸਿੱਖ ਧਰਮ ਵਿਚ ਅੱਜ ਭਗਤ ਕਬੀਰ-ਬਾਣੀ ਵੀ 'ਸ਼ਬਦ-ਗੁਰੂ' ਦੇ ਰੂਪ ਵਿਚ ਇਕ ਸਮਾਨ ਸਤਿਕਾਰੀ, ਪਿਆਰੀ ਅਤੇ ਪੂਜੀ ਜਾਂਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਤ ਕਬੀਰ ਜੀ ਦੀ, ਭਗਤ ਨਾਮਦੇਵ ਜੀ ਦੀ ਅਤੇ ਭਗਤ ਰਵਿਦਾਸ ਜੀ ਆਦਿ ੧੫ ਭਗਤਾਂ ਦੀ ਬਾਣੀ ਇਕੱਤਰ ਕਰ ਲਈ ਸੀ। ਪਰੰਤੂ ਕਬੀਰ-ਬਾਣੀ ਨੂੰ ਲੋਕ-ਪ੍ਰਿਯ ਹੋਣ ਦਾ ਮਾਣ ਉਸ ਸਮੇਂ ਹੀ ਮਿਲਿਆ ਜਦੋਂ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤੀ ਗਈ। ਨਿਰਸੰਦੇਹ ਕਬੀਰ-ਪੰਥੀਆਂ ਵਲੋਂ ਤਿਆਰ ਕੀਤੇ ਗਏ ਗ੍ਰੰਥ 'ਕਬੀਰ-ਬੀਜਕ' ਨੂੰ ਵਧੇਰੇ ਮਾਨਤਾ ਦਿੱਤੀ ਜਾਂਦੀ ਹੈ ਪਰ ਇਸ ਦੇ ਬਾਵਜੂਦ ਪ੍ਰਮਾਣਿਕਤਾ ਦੀ ਦ੍ਰਿਸ਼ਟੀ ਤੋਂ ਜਿੰਨਾ ਸ਼ੁਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਬੀਰ ਬਾਣੀ ਨੂੰ ਡਾ. ਰਾਮ ਕੁਮਾਰ ਵਰਮਾ, ਡਾ. ਚਤੁਰਵੇਦੀ,

ਡਾ. ਬੜਥਵਾਲ ਆਦਿ ਵਿਦਵਾਨਾਂ ਤੇ ਆਲੋਚਕਾਂ ਵਲੋਂ ਪ੍ਰਵਾਨ ਕੀਤਾ ਗਿਆ ਹੈ ਉਹ ਦਰਜਾ 'ਕਬੀਰ ਬੀਜਕ' ਆਦਿ ਗ੍ਰੰਥਾਂ ਨੂੰ ਪ੍ਰਾਪਤ ਨਹੀਂ ਹੋ ਸਕਿਆ। ਅਜਿਹੀਆਂ ਰਚਨਾਵਾਂ ਦੇ ਕਾਫ਼ੀ ਹਿੱਸੇ ਅਕਾਦਮਿਕ-ਖੇਤਰ ਵਿਚ ਪ੍ਰਮਾਣਿਕਤਾ ਦੇ ਪ੍ਰਸ਼ਨ-ਚਿੰਨ੍ਹ ਹੇਠ ਰੱਖੇ ਜਾਂਦੇ ਹਨ।

ਦਰਅਸਲ ਧਾਰਮਿਕ ਜਗਤ ਵਿਚ ਇਹ ਮਾਨਤਾ ਹੈ ਕਿ ਸਮੁੱਚੀ ਮਾਨਵ ਜਾਤੀ ਦੀ ਖੁਸ਼ਹਾਲੀ ਲਈ ਕੋਈ ਦੈਵੀ ਗੁਣਾਂ ਵਾਲਾ ਪਾਵਨ ਮਨੁੱਖ ਕਦੀ-ਕਦੀ ਹੀ ਇਸ ਧਰਤੀ 'ਤੇ ਲੋਕਾਂ ਦੇ ਭਾਗ ਜਗਾਉਣ ਲਈ ਪ੍ਰਗਟ ਹੁੰਦਾ ਹੈ। ਜਿਸ ਧਰਤੀ 'ਤੇ ਵੱਸਣ ਵਾਲੇ ਲੋਕ, ਧਰਮ-ਕਰਮ ਛੱਡ ਕੇ ਕੁਕਰਮਾਂ ਵੱਲ ਮੂੰਹ ਮੋੜ ਲੈਣ ਤਾਂ ਅਜਿਹੀ ਕੁਕਰਮੀ ਰੁਚੀ ਵਾਲੇ ਲੋਕਾਂ ਦੇ ਬੋਝ ਹੇਠ ਦੱਬੀ ਧਰਤੀ ਵੀ ਪੁਕਾਰ ਉੱਠਦੀ ਹੈ, ਪਰਮਾਤਮਾ ਦੇ ਦਰ 'ਤੇ ਆਪਣੀ ਛਾਤੀ ਤੋਂ ਅਜਿਹੇ ਬੋਝ ਨੂੰ ਉਤਾਰਨ ਵਾਸਤੇ। ਅਜਿਹੀ ਹਾਲਤ ਵਿਚ ਧਰਤੀ ਦਾ ਬੋਝ ਘਟਾਉਣ ਲਈ ਪਰਮਾਤਮਾ, ਆਪਣੇ ਦੈਵੀ ਗੁਣਾਂ ਨਾਲ ਭਰਪੂਰ ਕਿਸੇ ਐਸੇ ਪਰਮ ਮਨੁੱਖ ਨੂੰ ਭੇਜਦਾ ਹੈ ਜੋ 'ਕੁਕਰਮ ਕਰਨ ਵਾਲੇ' ਲੋਕਾਂ ਨੂੰ ਕੁਕਰਮੀ ਰਾਹ ਤੋਂ ਹਟਾ ਕੇ ਸੱਚ ਦੇ ਮਾਰਗ 'ਤੇ ਚਲਾਉਣ ਦਾ ਕਾਰਜ ਕਰਦਾ ਹੈ। ਭਗਵਦ ਗੀਤਾ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਦਾ ਇਹ ਕਥਨ ਸੱਚ ਹੈ ਕਿ:

*ਯਦਾ ਯਦਾ ਹੀ ਧਰਮਸਜ਼ ਗਲਾਨਿਰ ਭਵਤਿ ਭਾਰਤ॥*
*ਅਭਯੁਤਥਾਨਮ ਧਰਮਸਜ਼ ਤਦਾਤਮਾਨਮ ਸ੍ਰਜਾਮਿਹਮ॥*

ਅੱਜ ਤੋਂ ਸੱਤ ਸ਼ਤਾਬਦੀਆਂ ਪਹਿਲਾਂ, ਅਜਿਹਾ ਹੀ ਕਾਰਜ ਕਰਨ ਆਏ ਸਨ ਪਰਮਾਤਮਾ ਦੇ ਨੂਰ, ਸੱਚੇ-ਸੁੱਚੇ ਪਰਮ ਸ਼੍ਰੋਮਣੀ ਭਗਤ ਕਬੀਰ ਜੀ।

ਇਹ ਇਕ ਇਤਿਹਾਸਕ ਸਚਾਈ ਹੈ ਕਿ ਭਗਤ ਕਬੀਰ ਜੀ ਦਾ ਸਮਕਾਲੀ ਸਮਾਜ, ਧਾਰਮਿਕ ਦ੍ਰਿਸ਼ਟੀ ਤੋਂ, ਸਮਾਜਿਕ ਵਿਵਹਾਰ ਵਿਚ ਅਤੇ ਆਰਥਿਕ ਰੂਪ ਵਿਚ ਸੰਤੁਲਿਤ ਨਹੀਂ ਸੀ ਬਲਕਿ ਹਰ ਪੱਖ ਤੋਂ ਅਸੰਤੁਲਿਤ ਵਧੇਰੇ ਸੀ। ਜੇਕਰ ਇਤਿਹਾਸ ਦੇ ਪੰਨੇ ਫਰੋਲ ਕੇ ਉਨ੍ਹਾਂ ਨੂੰ ਸਹੀ ਪ੍ਰਸੰਗ ਵਿਚ ਸਮਝਿਆ ਜਾਵੇ ਤਾਂ ਸਾਨੂੰ ਕਬੀਰ ਯੁਗ ਵਿਚ ਜਨਸਾਧਾਰਣ ਦਾ ਜੀਵਨ, ਪ੍ਰਾਣ ਰਹਿਤ, ਕਿਸਮਤ ਦਾ ਗੁਲਾਮ ਅਤੇ ਹਰ ਤਰ੍ਹਾਂ ਦੇ ਅਨਿਆਂ ਨੂੰ ਸਹਿਣ ਦਾ ਆਦੀ ਬਣਿਆ ਵਿਖਾਈ ਦੇਵੇਗਾ। ਉਸ ਦੀ ਮਾਨਸਿਕ ਅਵਸਥਾ ਇਸ ਤਰ੍ਹਾਂ ਦੇ ਹਾਲਾਤਾਂ ਦਾ ਸ਼ਿਕਾਰ ਬਣ ਚੁੱਕੀ ਸੀ ਕਿ ਉਸ ਨੂੰ ਆਪਣੀ ਮਾਨ-ਮਰਿਆਦਾ ਅਤੇ ਜੀਵਨ ਜਿਉਣ ਦੀ ਵਿਧੀ ਵੀ ਭੁੱਲ ਚੁੱਕੀ ਸੀ। ਉਸ ਦਾ ਤਨ ਅਰਪਿਤ ਸੀ ਹਾਕਮ ਦੀ ਗੁਲਾਮੀ ਕਰਨ ਵਿਚ ਅਤੇ ਮਨ ਅਰਪਿਤ ਸੀ ਪੁਜਾਰੀਆਂ ਦੀ ਸੇਵਾ ਵਿਚ। ਆਪਣੇ ਆਪ ਦੀ, ਆਪਣੇ ਬਜ਼ੁਰਗਾਂ,

ਪਤਨੀ, ਬੱਚਿਆਂ ਦੀ ਸੁਧ ਲੈਣੀ, ਉਸ ਦੇ ਧਿਆਨ ਵਿਚੋਂ ਵਿਸਰ ਚੁੱਕੀ ਸੀ। ਗੁਲਾਮੀ ਦੀ ਰੱਸੀ ਗਲ਼ ਵਿਚ ਪਾ ਕੇ ਜਿਊਣ ਦਾ ਉਹ ਆਦੀ ਹੋ ਚੁੱਕਿਆ ਸੀ ਅਤੇ ਹਰ ਤਰ੍ਹਾਂ ਦਾ ਅਤਿਆਚਾਰ ਉਸ ਨੂੰ ਦੁਖੀ ਨਹੀਂ ਸੀ ਕਰਦਾ। ਦੁੱਖ ਭੋਗਣਾ ਉਸ ਦੇ ਜੀਵਨ ਦਾ ਅੰਗ ਬਣ ਚੁੱਕਿਆ ਸੀ। ਦੁੱਖ, ਉਸ ਨੂੰ ਦੁੱਖ ਨਹੀਂ ਸੀ ਲੱਗਦਾ ਕਿਉਂਕਿ ਸੁਖ ਭੋਗਣ ਦਾ ਸੁਆਦ ਉਸ ਨੇ ਕਦੀ ਚਖਿਆ ਹੀ ਨਹੀਂ ਸੀ। ਜਿਸ ਮਨੁੱਖ ਨੇ ਆਪਣੇ ਜੀਵਨ ਵਿਚ ਸੁਖ ਦਾ ਇਕ ਪਲ ਵੀ ਨਾ ਹੰਢਾਇਆ ਹੋਵੇ ਉਹ ਸੁਖ ਦੀ ਮਾਤਰਾ ਦੀ ਕਲਪਨਾ ਕਿਵੇਂ ਕਰ ਸਕਦਾ ਹੈ ਅਜਿਹੀ ਸਥਿਤੀ ਵਿਚ ਆਮ ਆਦਮੀ ਜੀਵਨ ਜਿਊਂ ਨਹੀਂ ਸੀ ਰਿਹਾ, ਬਲਕਿ ਸਰੀਰ ਨੂੰ ਧੂ-ਘਸੀਟ ਰਿਹਾ ਸੀ।

ਇਸੇ ਲਈ ਪਰਮ ਸੰਤ ਕਬੀਰ ਜੀ ਮਧਕਾਲੀਨ ਸੰਤ ਪੁਰਖਾਂ ਵਿਚ ਸਭ ਤੋਂ ਵਧ ਮਹੱਤਵਪੂਰਨ ਸਥਾਨ ਦੇ ਅਧਿਕਾਰੀ ਮੰਨੇ ਜਾਂਦੇ ਹਨ। ਮਾਨਵ ਖੇਤਰ ਵਿਚ ਜੋ ਕੀਰਤੀਮਾਨ ਉਨ੍ਹਾਂ ਨੇ ਆਪਣੇ ਸਮੇਂ ਵਿਚ ਸਥਾਪਿਤ ਕੀਤੇ ਉਹ ਅੱਜ ਵੀ ਮਨੁੱਖ ਨੂੰ ਧੀਰਜ ਅਤੇ ਸਾਹਸ ਪ੍ਰਦਾਨ ਕਰਨ ਦੀ ਸ਼ਕਤੀ ਰੱਖਦੇ ਹਨ। ਇਹੀ ਕਾਰਣ ਸੀ ਕਿ ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਸੰਤ ਕਬੀਰ ਜੀ ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਵਿਸ਼ੇਸ਼ ਰੂਪ ਵਿਚ ਸ਼ਾਮਲ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦਾ ਧਰਮ-ਗ੍ਰੰਥ ਅਤੇ ਪ੍ਰਮੁਖ ਮੂਲ ਸਰੋਤ ਹੈ। ਇਸ ਪਾਵਨ ਗ੍ਰੰਥ ਦਾ ਸੰਪਾਦਨ ਕਾਰਜ ਬੜੀ ਕੁਸ਼ਲਤਾ ਅਤੇ ਵਿਗਿਆਨਕ ਪੱਧਰ 'ਤੇ ਕੀਤਾ ਗਿਆ ਹੈ। ੧੪੩੦ ਪੰਨਿਆਂ ਵਾਲੇ ਇਸ ਪਾਵਨ ਗ੍ਰੰਥ ਦੀ ਅੰਗ ੯ ਤੋਂ ਲੈ ਕੇ ਅੰਗ ੧੩੫੩ ਤਕ ਦੀ ਸੰਪੂਰਣ ਬਾਣੀ ਨੂੰ ਰਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅੱਠ ਅੰਗ ਅਤੇ ੧੩੫੩ ਤੋਂ ੧੪੩੦ ਅੰਗ ਤਕ ਦੀ ਬਾਣੀ ਦੇ ਰਾਗ ਸਿਰਲੇਖ ਨਹੀਂ ਹਨ। ਰਾਗਾਂ ਮੁਤਾਬਿਕ ਸਾਰੀ ਗੁਰਬਾਣੀ ਕ੍ਰਮਵਾਰ: ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟਨਾਰਾਇਣ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਜੈਜਾਵੰਤੀ ੩੧ ਮੁਖ ਰਾਗਾਂ ਅਤੇ ੩੪ ਉਪ ਰਾਗਾਂ ਵਿਚ ਵੰਡਿਆ ਗਿਆ ਹੈ। ਸਭ ਤੋਂ ਪਹਿਲਾਂ ਮਹਲਾ ਦੇ ਅੰਤਰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਉਂਦੀ ਹੈ ਫਿਰ ਕ੍ਰਮਵਾਰ ਮਹਲਾ ੨, ੩, ੪, ੫, ੯ ਦੀ ਬਾਣੀ ਆਉਂਦੀ ਹੈ, ਜੋ ਸਿੱਖਾਂ ਦੇ ਗੁਰੂ ਹਨ। ਉਸ ਤੋਂ ਬਾਅਦ ਭਗਤਾਂ

ਦੀ ਬਾਣੀ ਆਉਂਦੀ ਹੈ ਜਿਸ ਵਿਚ ਸਭ ਤੋਂ ਪਹਿਲਾਂ ਭਗਤ ਕਬੀਰ ਸਾਹਿਬ ਨੂੰ ਸਥਾਨ ਦਿੱਤਾ ਗਿਆ ਹੈ, ਜਦਕਿ ਕਾਲਕ੍ਰਮ ਅਨੁਸਾਰ ਬਾਰ੍ਹਵੀਂ ਸ਼ਤਾਬਦੀ ਦੇ ਬਾਬਾ ਫ਼ਰੀਦ, ਕਬੀਰ ਜੀ ਤੋਂ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਸਨ।

ਅਸਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸੰਤਾਂ ਅਤੇ ਗੁਰੂਆਂ ਦੀ ਬਾਣੀ ਨੂੰ ਕੋਈ ਸੰਕਲਿਤ ਰੂਪ ਦੇਣ ਦਾ ਯਤਨ ਨਹੀਂ ਕੀਤਾ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਲੋੜ ਨੂੰ ਅਨੁਭਵ ਕੀਤਾ ਅਤੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪਣੇ ਸਮੇਤ ਪਹਿਲੇ ਚਾਰ ਸਿੱਖ ਗੁਰੂਆਂ, ਸਮਾਨ ਦ੍ਰਿਸ਼ਟੀਕੋਣ ਰੱਖਣ ਵਾਲੇ ਭਗਤਾਂ ਅਤੇ ਪ੍ਰਭੂ-ਉਸਤਤ ਗਾਉਣ ਵਾਲੇ ਭੱਟਾਂ ਆਦਿ ਦੀ ਬਾਣੀ ਨੂੰ ਸੰਗ੍ਰਹਿਤ ਕਰ ਪ੍ਰਮਾਣਿਕ ਰੂਪ ਦੇਣ ਲਈ ਸੰਪਾਦਨ ਕਾਰਜ ਆਰੰਭ ਕਰ ਦਿੱਤਾ। ਇਸ ਤਰ੍ਹਾਂ ਅਨਿਯਮਿਤ ਰੂਪ ਵਿਚ ਬਿਖਰੀ ਹੋਈ ਭਗਤਾਂ ਦੀ ਬਾਣੀ ਵਿਚੋਂ ਯੋਗ, ਅਯੋਗ ਦੀ ਜਾਂਚ-ਪੜਤਾਲ ਕਰਕੇ ਇਕ ਸੰਪੂਰਣ ਅਤੇ ਪ੍ਰਮਾਣਿਕ ਗ੍ਰੰਥ ਦਾ ਸੰਕਲਨ ਅਤੇ ਸੰਪਾਦਨ ਜਿਹਾ ਔਖਾ ਕਾਰਜ ਆਪ ਜੀ ਨੇ ਕਰ ਦਿੱਤਾ। ਭਗਤ ਕਬੀਰ ਜੀ ਨੇ ਇਸ ਸੰਦਰਭ ਵਿਚ ਸਪੱਸ਼ਟ ਕਿਹਾ ਕਿ:

*ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੫)*

ਸੱਚੀ ਗੱਲ ਤਾਂ ਇਹ ਹੈ ਕਿ ਇਸ ਸਮੇਂ ਸੰਸਾਰ ਦੇ ਸਾਰੇ ਧਰਮ ਗ੍ਰੰਥਾਂ ਵਿਚ ਇਹੀ ਇਕ ਪਾਵਨ ਗ੍ਰੰਥ ਹੈ ਜਿਸ ਵਿਚ ਦੂਸਰੇ ਧਰਮਾਂ ਨੂੰ ਮੰਨਣ ਵਾਲਿਆਂ ਦੇ ਵਿਚਾਰਾਂ ਨੂੰ ਆਪਣੀ ਵਿਚਾਰਧਾਰਾ ਨਾਲ ਜੋੜ ਕੇ ਸਾਰੇ ਮਾਨਵ ਸਮਾਜ ਦਾ ਸੰਪੂਰਣ ਖੇਤਰ ਵਿਚ ਮਾਰਗ ਦਰਸ਼ਨ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ 'ਸਿਰੀ ਰਾਗ' ਨੂੰ ਰਖਿਆ ਗਿਆ ਹੈ ਜੋ ਵੱਡੇ ਰਾਗਾਂ ਵਿਚ ਸਭ ਤੋਂ ਉਤਮ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਪ੍ਰਭਾਤੀ ਰਾਗ ਹੈ। ਰਾਗਾਂ ਦੀ ਵਿਵਸਥਾ, ਭਾਵ-ਸੰਚਾਰ ਅਤੇ ਸ਼ਬਦ-ਸਾਰ ਅਨੁਕੂਲ ਕੀਤੀ ਗਈ ਹੈ। ਸਿਰੀ ਰਾਗ ਦਾ ਗਾਇਨ ਰਾਤ ਨੂੰ ਹਨੇਰੇ ਵਿਚ ਹੁੰਦਾ ਹੈ। ਹਨੇਰਾ ਪ੍ਰਤੀਕ ਹੈ ਅਗਿਆਨ ਦਾ। ਪ੍ਰਭਾਤੀ ਰਾਗ ਸਵੇਰ ਦੇ ਪ੍ਰਕਾਸ਼ ਵਿਚ ਗਾਇਆ ਜਾਂਦਾ ਹੈ। ਪ੍ਰਕਾਸ਼ ਪ੍ਰਤੀਕ ਹੈ ਗਿਆਨ ਦਾ। ਮਤਲਬ ਇਹ ਕਿ ਗੁਰਬਾਣੀ ਮਨੁੱਖ ਨੂੰ ਅਗਿਆਨ ਵਿਚੋਂ ਕੱਢ ਕੇ ਪ੍ਰਕਾਸ਼ ਵੱਲ ਲੈ ਜਾਣ ਦਾ ਕੰਮ ਕਰਦੀ ਹੈ। ਵਿਗਿਆਨਿਕ ਢੰਗ ਨਾਲ ਰਾਗਾਂ ਦੇ ਅੰਤਰਗਤ ਦਰਜ ਕੀਤੀ ਗਈ

ਗੁਰਬਾਣੀ ਵਿਚ ਇਕ ਪਦੇ, ਦੋ ਪਦੇ, ਤਿੰਨ ਪਦੇ, ਚਾਰ ਪਦੇ, ਪੰਜ ਪਦੇ, ਛੇ ਪਦੇ, ਅਸ਼ਟਪਦੀਆਂ, ਸੋਹਿਲੇ, ਛੰਦ, ਵਾਰ ਆਦਿ ਹਨ। ਇਹ ਪਦ ਆਕਾਰ ਵਿਚ ਛੋਟੇ ਵੀ ਹਨ ਅਤੇ ਵੱਡੇ ਵੀ। ਇਨ੍ਹਾਂ ਦੀਆਂ ਤੁਕਾਂ ਦੇ ਕਾਰਣ ਹੀ ਇਨ੍ਹਾਂ ਨੂੰ ਇਹ ਨਾਮ ਦਿੱਤੇ ਗਏ ਹਨ। ਹਰੇਕ ਰਾਗ ਵਿਚ ਸਿੱਖ ਗੁਰੂ ਸਾਹਿਬਾਨ ਅਥਵਾ ਭਗਤਾਂ ਦੀ ਬਾਣੀ ਹੈ ਅਤੇ ਉਸ ਵਿਚ ਕਿਤਨੇ ਇਕ ਪਦੇ, ਦੋ ਪਦੇ ਆਦਿ ਹਨ, ਉਨ੍ਹਾਂ ਦੀ ਗਿਣਤੀ ਵੀ ਨਾਲ ਦਿੱਤੀ ਗਈ ਹੈ। ਇਨ੍ਹਾਂ ਰਾਗਾਂ ਦੇ ਅੰਤਰਗਤ ਹੀ ਪਹਿਰੇ, ਵਣਜਾਰਾ, ਬਾਰਾਮਾਹ, ਦਿਨ ਰੈਣ, ਪੱਟੀ, ਕਰਹਲੇ, ਬਾਵਨਅਖਰੀ, ਥਿਤਿ, ਘੋੜੀਆਂ, ਆਰਤੀ, ਵਾਰ ਆਦਿ ਲੋਕ ਕਾਵਿ ਰੂਪਾਂ ਦੇ ਸਿਰਲੇਖ ਹੇਠ ਵੀ ਬਾਣੀ ਮਿਲਦੀ ਹੈ। ਇਸ ਪਾਵਨ ਗ੍ਰੰਥ ਵਿਚ ਸੰਗੀਤ ਸ਼ਾਸਤਰੀ ਨਿਯਮਾਂ ਦਾ ਪਰੰਪਰਾਗਤ ਤੌਰ 'ਤੇ ਪਾਲਣ ਨਹੀਂ ਕੀਤਾ ਗਿਆ। ਇਸ ਵਿਚ ਸਾਰੀਆਂ ਰਾਗਣੀਆਂ ਨੂੰ ਰਾਗ ਦੀ ਉਪਾਧੀ ਦਿੱਤੀ ਗਈ ਹੈ। ਦਰਅਸਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤ ਵਿਧਾਨ ਇਕ ਖਾਸ ਮੰਤਵ ਵਾਲੇ ਕਾਰਜ ਦੀ ਪੂਰਤੀ ਵੱਲ ਸੰਕੇਤ ਕਰਦਾ ਹੈ। ਇਥੇ ਸੰਗੀਤ ਰਾਗ ਪ੍ਰਭੁਤਾ ਨੂੰ ਸੰਵਾਰਨ ਦਾ ਸਾਧਨ ਹੀ ਨਹੀਂ, ਸ਼ਬਦ ਪ੍ਰਭੁਤਾ ਨੂੰ ਸਥਾਪਿਤ ਕਰਨ ਦਾ ਕਾਰਜ ਵੀ ਕਰਦਾ ਹੈ। ਇਹ ਸੰਗੀਤ ਰਾਗ ਪ੍ਰਧਾਨ ਨਹੀਂ, ਸ਼ਬਦ ਪ੍ਰਧਾਨ ਹੈ। ਇਹ ਸੰਗੀਤ ਸ਼ਬਦ ਦੇ ਮੂਲ ਭਾਵ ਨੂੰ ਸੰਵਾਰਨ ਦਾ ਕਾਰਜ ਕਰਦਾ ਹੈ ਇਸ ਲਈ ਅੱਜ ਇਸ ਨੂੰ ਗੁਰੂ ਦੀ ਮਤ (ਗੁਰਮਤਿ) ਸੰਗੀਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਆਪਕ ਅਧਿਐਨ ਇਸ ਵਿਚ ਸ਼ਾਮਲ ਕੀਤੇ ਗਏ ਬਾਣੀਕਾਰਾਂ ਦੀ ਸਾਹਿਤਿਕ ਪ੍ਰਤਿਭਾ, ਰਾਸ਼ਟਰੀਅਤਾ, ਮੌਲਿਕ ਚਿੰਤਨ, ਮਾਨਵਤਾਵਾਦੀ ਅਤੇ ਸਮਾਨਵਾਦੀ, ਪਰਉਪਕਾਰੀ ਦ੍ਰਿਸ਼ਟੀ, ਸੰਗੀਤ ਦਾ ਵਿਸ਼ੇ ਗਿਆਨ ਆਦਿ ਬਾਣੀਕਾਰਾਂ ਦੇ ਵਿਆਪਕ ਗਿਆਨ ਦਾ ਪੂਰਾ ਪਰਿਚੈ ਦਿੰਦਾ ਹੈ। ਉਹ ਕਾਵਿ ਦੀਆਂ ਵੱਖ-ਵੱਖ ਸ਼ੈਲੀਆਂ ਅਤੇ ਵੱਖ-ਵੱਖ ਰੂਪਾਂ ਤੋਂ ਵੀ ਭਲੀ-ਭਾਂਤ ਜਾਣੂੰ ਸਨ ਅਤੇ ਕਿਹੜੀ ਕਾਵਿ ਸ਼ੈਲੀ ਨੂੰ ਕਿਸ ਕਾਵਿ ਰੂਪ ਵਿਚ, ਕਿਸ ਰਾਗ ਵਿਚ ਪੇਸ਼ ਕਰਨਾ ਉਚਿਤ ਹੋਵੇਗਾ, ਇਸ ਦੀ ਉਨ੍ਹਾਂ ਨੂੰ ਪੂਰਨ ਜਾਣਕਾਰੀ ਸੀ। ਉਨ੍ਹਾਂ ਨੂੰ ਰਾਗਾਂ ਦੇ ਸੁਭਾਅ ਦਾ ਵੀ ਭਲੀ-ਭਾਂਤ ਗਿਆਨ ਸੀ ਇਸ ਲਈ ਉਨ੍ਹਾਂ ਨੇ ਮਨੁੱਖ ਦੀ ਸਾਧਨਾ ਵਿਚ ਨਿਰੰਤਰ ਵਿਕਾਸ ਦੀ ਕਿਰਿਆ ਨੂੰ ਧਿਆਨ ਵਿਚ ਰੱਖ ਕੇ ਹੀ ਉਸ ਦੇ ਅਨੁਕੂਲ ਰਾਗ ਨੂੰ ਚੁਣਿਆ ਜੋ ਸ੍ਰੋਤਿਆਂ ਦੇ ਮਨ ਵਿਚ ਧਰਮ-ਕਰਮ ਦੀ ਜਗਿਆਸਾ ਪੈਦਾ ਕਰਦੇ ਹਨ।

ਨਿਰਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦਾ ਪਰਮ ਪੂਜਨੀਕ ਗ੍ਰੰਥ ਹੈ। ਲੇਕਿਨ ਇਹ ਪਾਵਨ ਗ੍ਰੰਥ ਅਸਲ ਵਿਚ ਸਿੱਖ ਗੁਰੂਆਂ, ਸੰਤ ਮਹਾਂਪੁਰਖਾਂ ਅਤੇ ਭਗਤਾਂ ਦੀ ਬਾਣੀ ਦਾ ਸੰਕਲਨ ਹੈ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਸਾਰੇ ਸੰਤ ਹਮੇਸ਼ਾ ਸਭ ਲਈ ਸਮਾਨ ਹੋਇਆ ਕਰਦੇ ਹਨ। ਸੰਤ ਮੂਲ ਰੂਪ ਵਿਚ ਸੱਚ ਦੇ ਪੁਜਾਰੀ ਅਤੇ ਪ੍ਰਚਾਰਕ ਹੁੰਦੇ ਹਨ। ਇਸ ਲਈ ਉਨ੍ਹਾਂ ਦੀ ਬਾਣੀ ਸਰਵਕਾਲਿਕ ਹੁੰਦੀ ਹੈ। ਉਨ੍ਹਾਂ ਦੇ ਸਤਿ ਵਚਨ ਯੁਗ-ਯੁਗਾਂਤਰ ਤਕ ਅਟੱਲ ਸੱਚਾਈ ਹੋਇਆ ਕਰਦੇ ਹਨ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਕੀਤੀ ਗਈ ਬਾਣੀ 'ਸੱਚ ਦੀ ਬਾਣੀ' ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸਮਾਜਿਕ ਰੀਤੀ-ਰਿਵਾਜ਼, ਭਾਸ਼ਾ ਅਤੇ ਮਨੁੱਖੀ ਵਿਵਹਾਰ, ਦੇਸ਼ ਕਾਲ ਅਨੁਸਾਰ ਬਦਲਦੇ ਰਹਿੰਦੇ ਹਨ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਦੀ ਬਾਣੀ, ਦੇਸ਼-ਕਾਲ ਦੀ ਸੀਮਾ ਦੇ ਬੰਧਨ ਨੂੰ ਤੋੜ ਕੇ ਸਾਰੇ ਮਾਨਵ ਸੰਸਾਰ ਨੂੰ ਸੰਬੋਧਿਤ ਹੋ ਕੇ, ਜਨ ਕਲਿਆਣ ਦੀ ਸੁਰ ਵਿਚ ਗੱਲ ਕਰਦੀ ਹੈ। ਇਨ੍ਹਾਂ ਬਾਣੀਕਾਰਾਂ ਦੇ ਉਪਦੇਸ਼ ਸਾਰੀ ਮਨੁੱਖ ਜਾਤੀ ਨੂੰ ਸਮਰਪਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਬਾਣੀਕਾਰ ਨਾ ਤਾਂ ਸਾਮਿਅਕ ਸਾਂਝ ਵਾਲੇ ਹਨ, ਨਾ ਹੀ ਇਨ੍ਹਾਂ ਦੀ ਭੂਗੋਲਿਕ ਸਾਂਝ ਬਣਦੀ ਹੈ ਅਤੇ ਨਾ ਹੀ ਵਰਣ-ਵਿਵਸਥਾ ਦੀ ਦ੍ਰਿਸ਼ਟੀ ਤੋਂ ਨੇੜਤਾ ਹੀ ਸਿੱਧ ਹੁੰਦੀ ਹੈ ਪਰ ਇਸ ਦੇ ਬਾਵਜੂਦ ਬਾਣੀਕਾਰਾਂ ਦੀ ਵਿਚਾਰਧਾਰਾ ਇਕ ਲੜੀ ਵਿਚ ਪਰੋਈ ਹੋਈ ਦਿੱਸਦੀ ਹੈ। ਜੇਕਰ ਇਸ ਗ੍ਰੰਥ ਦੇ ਬਾਣੀਕਾਰਾਂ ਦੀ ਭਾਸ਼ਾ ਨੂੰ ਇਕ ਪਾਸੇ ਰੱਖ ਦਿੱਤਾ ਜਾਵੇ ਤਾਂ ਇੰਞ ਪ੍ਰਤੀਤ ਹੋਵੇਗਾ ਜਿਸ ਤਰ੍ਹਾਂ ਇਹ ਕਿਸੇ ਇਕੋ ਮਹਾਂਪੁਰਸ਼ ਦੀ ਰਚੀ ਹੋਈ ਬਾਣੀ ਦਾ ਪਾਵਨ ਗ੍ਰੰਥ ਹੋਵੇ। ਇਹ ਭਾਵਆਤਮਿਕ ਸਾਂਝ, ਧਰਮ-ਵੰਡ, ਵਰਣ-ਵੰਡ ਸ਼੍ਰੇਣੀ-ਵੰਡ, ਖਿਤਾ-ਵੰਡ, ਕਿੱਤਾ-ਵੰਡ ਅਤੇ ਦੇਸ਼, ਕਾਲ ਦੀਆਂ ਵੰਡਾਂ ਨੂੰ ਸਮਾਪਤ ਕਰਨ ਵਾਲੀ ਹੋ ਨਿਬੜੀ ਹੈ, ਜਿਸ ਦੇ ਫਲਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖਾਂ ਦੀ ਥਾਂ ਸਮੁੱਚੀ ਮਾਨਵਤਾ ਵਲੋਂ ਸਤਿਕਾਰਿਆ ਤੇ ਪਿਆਰਿਆ ਜਾ ਰਿਹਾ ਹੈ। 'ਏਕ ਮੂਰਤ ਅਨੇਕ ਦਰਸ਼ਨ' ਦੀ, ਇਹ ਪਾਵਨ ਗ੍ਰੰਥ ਸੁੰਦਰ ਮਿਸਾਲ ਹੈ।

ਅਨੇਕਤਾ ਵਿਚ ਏਕਤਾ ਦਾ ਸੁਮੇਲ ਇਹ ਇਕ ਚੰਗੀ ਉਦਾਹਰਨ ਹੈ। ਇਸ ਵਿਚ ਨਿਰਗੁਣ ਹੀ ਸਗੁਣ ਬਣ ਜਾਂਦਾ ਹੈ ਅਤੇ ਸਗੁਣ ਹੀ ਨਿਰਗੁਣ ਬਣ ਜਾਂਦਾ ਹੈ। ਮੂਲ ਰੂਪ ਵਿਚ ਇਹ ਨਿਰਗੁਣ, ਨਿਰਾਕਾਰ, ਅਗਮ, ਅਗੋਚਰ, ਪਰਮਾਤਮਾ ਦੀ ਅਰਾਧਨਾ ਕਰਨ ਅਤੇ ਕਰਾਉਣ ਵਾਲੇ ਬਾਣੀਕਾਰਾਂ ਦਾ ਪਾਵਨ ਗ੍ਰੰਥ ਹੈ। ਇਸ

ਪਾਵਨ ਗ੍ਰੰਥ ਦੇ ਅੰਤ ਵਿਚ ਇਸ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਨਿਰਦੇਸ਼ ਦਿੱਤਾ ਹੈ ਕਿ ਇਸ ਵਿਚ ਸੱਚ, ਸੰਤੋਖ ਅਤੇ ਚਿੰਤਨ ਦੇ ਵਿਚਾਰ ਦਾ ਸੰਕਲਨ ਹੀ ਹੈ। ਇਥੇ ਸੱਚ ਪ੍ਰਤੀਕ ਹੈ, ਮਹਾਂਕਾਲ ਅਥਵਾ ਪਰਮਾਤਮਾ ਦਾ। ਸੰਤੋਖ, ਸੰਤੋਖਮਈ ਜੀਵਨ ਜਿਊਣ ਦੀ ਕਲਾ ਹੈ ਅਤੇ ਚਿੰਤਨ ਆਤਮਾ-ਪਰਮਾਤਮਾ ਦਾ ਮੇਲ ਕਰਨ ਦਾ ਯਤਨ ਅਤੇ ਸ੍ਰਿਸ਼ਟੀ ਸੰਬੰਧੀ ਗਿਆਨ ਹੈ। ਗੁਰੂ ਜੀ ਦਾ ਕਥਨ ਹੈ ਕਿ ਜੇਕਰ ਕੋਈ ਇਨ੍ਹਾਂ ਤਿੰਨਾਂ ਤੱਤਾਂ ਦਾ ਭੋਗ ਕਰੇ ਤਾਂ ਉਸ ਦਾ ਪਾਰਉਤਾਰਾ ਹੋ ਸਕਦਾ ਹੈ:

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)*

ਭਗਤ ਕਬੀਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੨੯ ਪਦ, ੧੭ ਰਾਗਾਂ ਵਿਚ ਅਤੇ ੨੪੩ ਸਲੋਕ (ਸਮੇਤ ੬ ਸਲੋਕ ਸਿੱਖ ਗੁਰੂ ਸਾਹਿਬਾਨ ਜੀ ਦੇ) ਸੰਕਲਿਤ ਹਨ। ਕਬੀਰ ਬਾਣੀ ਦੀ ਇਹ ਸੰਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਭਗਤਾਂ ਦੀ ਬਾਣੀ ਵਿਚ ਸਭ ਤੋਂ ਵਧੇਰੇ ਹੈ। ਇਸ ਦਾ ਸਪੱਸ਼ਟ ਕਾਰਣ ਹੈ ਕਿ ਕਬੀਰ ਜੀ ਦੀਆਂ ਮੂਲ ਧਾਰਨਾਵਾਂ ਦੀ ਸਿੱਖ ਗੁਰੂ ਪਰੰਪਰਾ ਦੀਆਂ ਮਾਨਤਾਵਾਂ ਨਾਲ ਅਭੇਦਤਾ। ਪ੍ਰਮੁੱਖ ਵਿਸ਼ਿਆਂ 'ਤੇ ਭਗਤ ਕਬੀਰ ਜੀ ਅਤੇ ਸਿੱਖ ਗੁਰੂ ਸਾਹਿਬਾਨ ਨੇ ਇਕੋ ਜਿਹੇ ਵਿਚਾਰ ਪ੍ਰਸਤੁਤ ਕੀਤੇ ਹਨ। ਏਸੇ ਲਈ ਭਗਤ ਕਬੀਰ ਜੀ ਦੇ ੨੪੩ ਸਲੋਕਾਂ ਵਿਚ ਸਪੱਸ਼ਟੀਕਰਣ ਵਜੋਂ ੧ ਸਲੋਕ ਸ੍ਰੀ ਗੁਰੂ ਅਮਰ ਦਾਸ ਜੀ ਤੇ ੫ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੀ ਸ਼ਾਮਲ ਹਨ।

ਕਬੀਰ ਸਾਹਿਬ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਾਪਤ ਬਾਣੀ ਇਸ ਪ੍ਰਕਾਰ ਹੈ:

| | ਰਾਗ | ਸ਼ਬਦ | ਅਸਟਪਦੀ | ਹੋਰ ਬਾਣੀ |
|---|---|---|---|---|
| ੧. | ਸਿਰੀ | ੨ | | |
| ੨. | ਗਉੜੀ | ੭੩ | ੧ | ਬਾਵਨ ਅਖਰੀ, ਥਿਤੀ, ਸਤਵਾਰ |
| ੩. | ਆਸਾ | ੩੭ | | |
| ੪. | ਗੂਜਰੀ | ੨ | | |

| | | | |
|---|---|---|---|
| ੫. | ਸੋਰਠਿ | ੧੧ | |
| ੬. | ਧਨਾਸਰੀ | ੫ | |
| ੭. | ਤਿਲੰਗ | ੧ | |
| ੮. | ਸੂਹੀ | ੫ | |
| ੯. | ਬਿਲਾਵਲ | ੧੨ | |
| ੧੦. | ਗੋਂਡ | ੧੧ | |
| ੧੧. | ਰਾਮਕਲੀ | ੧੨ | |
| ੧੨. | ਮਾਰੂ | ੧੨ | |
| ੧੩. | ਕੇਦਾਰਾ | ੬ | |
| ੧੪. | ਭੈਰਉ | ੧੮ | ੫ |
| ੧੫. | ਬਸੰਤ | ੮ | |
| ੧੬. | ਸਾਰੰਗ | ੩ | |
| ੧੭. | ਪ੍ਰਭਾਤੀ | ੫ | |
| | | ੨੨੩ | ੬ |

ਸਲੋਕ ੨੪੩ (ਸਮੇਤ ੬ ਸਲੋਕ ਸਿੱਖ ਗੁਰੂ ਸਾਹਿਬਾਨ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਸੰਕਲਨ ਵਿਚ ਨਿਰਸੰਦੇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਧ ਤੋਂ ਵਧ ਸਥਾਨ ਆਪਣੀ ਬਾਣੀ ਅਤੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਨੂੰ ਦਿੱਤਾ ਹੈ, ਫੇਰ ਵੀ ਗੁਰੂ ਵਿਚਾਰਧਾਰਾ ਨਾਲ ਸਮਾਨਤਾ ਰੱਖਣ ਵਾਲੀ ਕਿਸੇ ਵੀ ਬਾਣੀ ਦੇ ਪ੍ਰਤੀ ਉਨ੍ਹਾਂ ਦਾ ਵਤੀਰਾ ਭੇਦਭਾਵ ਵਾਲਾ ਨਹੀਂ ਸੀ। ਇਸ ਲਈ ਇਸ ਪਾਵਨ ਗ੍ਰੰਥ ਵਿਚ ਬਾਰ੍ਹਵੀਂ ਸਦੀ ਦੇ ਬਾਬਾ ਫ਼ਰੀਦ ਤੋਂ ਲੈ ਕੇ ਸਤਾਰ੍ਹਵੀਂ ਸਦੀ ਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸੰਗ੍ਰਹਿਤ ਕੀਤੀ ਹੋਈ ਮਿਲਦੀ ਹੈ।

ਸੰਨ ੧੭੦੮ ਵਿਚ ਦਸਮੇਸ਼ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਦੇਹਧਾਰੀ ਗੁਰੂ ਪਰੰਪਰਾ ਦੀ ਸਮਾਪਤੀ ਕਰਕੇ ਬਾਣੀ ਦੇ ਰੂਪ ਵਿਚ 'ਸ਼ਬਦ-ਗੁਰੂ' ਦੀ ਸਥਾਪਨਾ ਕਰ ਦਿੱਤੀ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ 'ਗੁਰੂ' ਸ਼ਬਦ ਜੋੜ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਮ ਰੱਖ ਦਿੱਤਾ। ਉਦੋਂ ਤੋਂ ਹੁਣ ਤਕ ਇਹੀ ਨਾਮ ਪ੍ਰਚਲਿਤ ਹੈ ਅਤੇ ਇਹ ਸਿੱਖਾਂ ਦੇ ਗੁਰੂ ਦੇ ਰੂਪ ਵਿਚ ਪੂਜਨੀਕ ਗ੍ਰੰਥ ਹੈ। ਵਿਸ਼ੇਸਤਾ ਇਹ ਹੈ ਕਿ ਇਸ ਪਾਵਨ ਗ੍ਰੰਥ ਦੇ ਸਾਰੇ ੩੫ ਬਾਣੀਕਾਰਾਂ ਦੀ ਬਾਣੀ ਦਾ 'ਸ਼ਬਦ-ਗੁਰੂ' ਦੇ ਰੂਪ ਵਿਚ ਇਕੋ ਜਿਹਾ ਸਤਿਕਾਰ ਹੈ।

**ਜੀਵਨ :** ਹੈਰਾਨੀ ਹੁੰਦੀ ਹੈ ਜਦੋਂ ਭਗਤ ਕਬੀਰ ਜੀ ਵਰਗੇ ਮਹਾਨ ਕਰਮਯੋਗੀ ਦੇ ਜੀਵਨ ਬਾਰੇ ਵਿਦਵਾਨਾਂ ਦੇ ਵਿਚਾਰ ਵੱਖ-ਵੱਖ ਪੜ੍ਹਨ-ਸੁਣਨ ਨੂੰ ਮਿਲਦੇ ਹਨ। ਉਨ੍ਹਾਂ ਦਾ ਜੀਵਨ ਕਾਲ ਵਿਵਾਦਪੂਰਨ ਹੀ ਚਲ ਰਿਹਾ ਹੈ। ਡਾ. ਹੰਟਰ, ਡਾ. ਐਚ. ਐਚ. ਵਿਲਸਨ, ਡਾ. ਰੇਵਰੇਂਟ ਵੈਸਟਕਾਟ ਆਦਿ ਕਬੀਰ ਜੀ ਦਾ ਜੀਵਨ ਕਾਲ ਅਲੱਗ-ਅਲੱਗ ਦੱਸਦੇ ਹਨ। ਕੋਈ ਵਿਦਵਾਨ ਇਨ੍ਹਾਂ ਨੂੰ ਜਨਮ ਤੋਂ ਜੁਲਾਹਾ ਮੰਨਦਾ ਹੈ ਅਤੇ ਕੋਈ ਮੁਸਲਮਾਨ। ਕੁਝ ਵਿਦਵਾਨਾਂ ਨੇ ਤਾਂ ਕਬੀਰ ਜੀ ਨੂੰ ਬ੍ਰਾਹਮਣ ਸਿੱਧ ਕਰਨ ਲਈ, ਰਾਮਾਨੰਦ ਨੂੰ ਇਨ੍ਹਾਂ ਦਾ ਗੁਰੂ ਸਿੱਧ ਕਰਨ ਦਾ ਵੀ ਨਿਰਾਰਥਕ ਜਤਨ ਕੀਤਾ ਹੈ। ਕੁਝ ਵਿਦਵਾਨਾਂ ਨੇ ਏਸੇ ਮੰਤਵ ਨੂੰ ਮੁੱਖ ਰੱਖ ਕੇ ਕਬੀਰ ਜੀ ਨੂੰ ਅਣ-ਵਿਆਹੀ ਬ੍ਰਾਹਮਣੀ ਮਾਂ ਦੇ ਪੇਟੋਂ ਜੰਮਿਆ ਵੀ ਦੱਸਿਆ ਹੈ। ਪਰ ਇਹ ਸਾਰੀਆਂ ਮਿਥ ਕਥਾਵਾਂ ਹਨ। ਬਾਣੀ ਅਨੁਸਾਰ ਇਨ੍ਹਾਂ ਦਾ ਜਨਮ ਜੁਲਾਹਾ ਬ੍ਰਾਦਰੀ ਵਿਚ ਹੋਇਆ, ਏਹੋ ਸੱਚ ਹੈ।

ਭਗਤ ਕਬੀਰ ਜੀ ਦੇ ਜਨਮ-ਕਾਲ ਬਾਰੇ ਇਨ੍ਹਾਂ ਦੀ ਬਾਣੀ ਵਿਚ ਇਸ ਬਾਰੇ ਕੋਈ ਸੰਕੇਤ ਪ੍ਰਾਪਤ ਨਹੀਂ ਹੁੰਦਾ। ਬਨਾਰਸ ਕਬੀਰ ਚੌਰਾ ਮੱਠ ਤੋਂ ਇਕ ਗ੍ਰੰਥ 'ਮੂਲ ਬੀਜਕ' ਪ੍ਰਕਾਸ਼ਤ ਹੋਇਆ ਹੈ ਜਿਸ ਵਿਚ ਲਿਖਿਤ ਦੋ ਪਦ ਕਬੀਰ ਜੀ ਦੇ ਜਨਮ ਅਤੇ ਮ੍ਰਿਤੂ ਨਾਲ ਸੰਬੰਧਤ ਮਿਲਦੇ ਹਨ :

*ਜਨਮ: ਚੌਦਾ ਸੈ ਛਪਨ ਜੇਠਿ ਪੂਨਮ ਚੰਦ ਸੁ ਬਾਰਾ॥*
*ਕਬੀਰ ਸਾਹਿਬ ਕਾ ਜਨ ਹਿਤ ਕਾਸ਼ੀ ਮੇਂ ਅਵਤਾਰਾ॥*
*ਮ੍ਰਿਤੂ: ਪੰਦਰਾਂ ਸੈ ਪਚੁਤਰ ਸਮਵਤ ਮਗਹਰ ਕੀਆ ਨਿਧਾਨਾ॥*
*ਮਗਹਨ ਸੁਦੀ ਏਕਾਦਿਸ਼ਾ ਤਿਥਿ ਮੇਂ ਅੰਤ੍ਰਧਾਨਾ॥*

ਇਨ੍ਹਾਂ ਦੋ ਪਦਾਂ ਦੇ ਸਨਮੁਖ ਆਚਾਰੀਆ ਰਾਮਚੰਦਰ ਸ਼ੁਕਲ, ਬਾਬੂ ਸ਼ਯਾਮ ਸੁੰਦਰ ਦਾਸ ਆਦਿ ਵਿਦਵਾਨਾਂ ਨੇ ਕਬੀਰ ਜੀ ਦਾ ਜਨਮ ਸੰਮਤ ੧੪੫੬ ਮੰਨਿਆਂ ਹੈ। ਪਰ ਸੰਤ ਧਰਮ ਦਾਸ ਨੇ ੧੪੩੩ ਈਸਵੀ ਪ੍ਰਵਾਨ ਕੀਤਾ ਹੈ। 'ਆਈਨੇ-ਅਕਬਰੀ' ਵਿਚ ਕਬੀਰ ਸਾਹਿਬ ਦਾ ਹਵਾਲਾ ਤਾਂ ਜ਼ਰੂਰ ਦੋ ਵਾਰ ਆਉਂਦਾ ਹੈ ਪਰ ਜੀਵਨ-ਕਾਲ ਨਾਲ ਸੰਬੰਧਿਤ ਜਾਣਕਾਰੀ ਦਾ ਅਭਾਵ ਹੈ।

ਕਬੀਰ ਪੰਥੀਆਂ ਦੀ ਇਕ ਹੋਰ ਪੋਥੀ 'ਕਬੀਰ ਕਸੌਟੀ' ਵਿਚ ਕਬੀਰ ਸਾਹਿਬ ਦਾ ਜਨਮ ੧੪੫੫ ਸੰਮਤ ਦਸਿਆ ਗਿਆ ਹੈ :

*ਚੌਦਹ ਸੈ ਪਚਪਨ ਸਾਲ ਗਏ। ਚੰਦ੍ਰ ਵਾਰ ਏਕ ਠਾਟ ਗਜੇ।*
*ਜੇਠ ਸੁਦੀ ਬਰਸਾਇ ਕੋ। ਪੂਰਨਮਾਸੀ ਪ੍ਰਗਟ ਭਜੇ।*

ਏਸੇ ਗ੍ਰੰਥ ਵਿਚ ਕਬੀਰ ਸਾਹਿਬ ਜੀ ਦੀ ਮ੍ਰਿਤੂ ਬਾਰੇ ਸੂਚਨਾ ਦਰਜ ਹੈ ਕਿ:

*ਸੰਵਤ ਪੰਦਰਹ ਸੌ ਪਚਤਰ ਮਗਹਰ ਕੀਯੋ ਗੌਨ।*
*ਮਾਘ ਸੁਦੀ ਏਕਾਦਸੀ ਮਿਲਯੋ ਪਵਨ ਮੈਂ ਪੌਨ।*

ਮੇਰੇ ਵਿਚਾਰ ਅਨੁਸਾਰ ਇਹ ਸਭ ਮਿਥ ਕਥਾਵਾਂ ਹਨ। ਸੱਚਾਈ ਇਹ ਹੈ ਕਿ ਭਗਤ ਕਬੀਰ ਜੀ ਇਕ ਸੱਚੇ ਸੁੱਚੇ ਪ੍ਰਭੂ-ਭਗਤ ਸਨ। ਉਨ੍ਹਾਂ ਦੀ ਸੋਚ ਲੋਕ-ਹਿਤਕਾਰੀ ਅਤੇ ਕ੍ਰਾਂਤੀਕਾਰੀ ਸੀ। ਉਨ੍ਹਾਂ ਦੀ ਰਚਨਾ ਦਾ ਪ੍ਰਮੁਖ ਸੁਰ ਨਿਜਵਾਦੀ ਨਹੀਂ ਸਗੋਂ ਪੂਰੇ ਸਮਾਜ ਵਿਚ ਬਦਲਾਵ ਲਿਆਉਣ ਵਾਲਾ ਸੀ। ਸਮਾਜ ਵਿਚ ਪ੍ਰਚਲਿਤ ਗਲਤ ਕਦਰਾਂ ਕੀਮਤਾਂ ਨੂੰ ਪ੍ਰਵਾਨ ਕਰਨਾ ਉਨ੍ਹਾਂ ਦੇ ਸੁਭਾਵ ਵਿਚ ਨਹੀਂ ਸੀ ਅਤੇ ਉਹ ਨਿਰਭਉ ਤੇ ਨਿਰਵੈਰ, ਰੁਚੀਆਂ ਦੇ ਮਾਲਕ ਸਨ। ਕੀ ਇਹ ਹੈਰਾਨੀਜਨਕ ਤੱਥ ਅਥਵਾ ਘਟਨਾ ਨਹੀਂ ਕਿ ਇਕ ਪਾਸੇ ਤਾਂ ਮਿਥਿਹਾਸਿਕ ਤੌਰ 'ਤੇ ਇਹ ਵਿਚਾਰ ਪ੍ਰਚਲਿਤ ਸੀ ਕਿ ਸ਼ਿਵ ਦੀ ਵਸਾਈ ਨਗਰੀ ਕਾਂਸ਼ੀ ਵਿਚ ਪ੍ਰਾਣ ਤਿਆਗਣ ਵਾਲਾ ਸੁਰਗਾਂ ਵਿਚ ਜਾਂਦਾ ਹੈ ਅਤੇ ਮਗਹਰ ਵਿਚ ਮਰਨ ਵਾਲਾ ਨਰਕਾਂ ਦਾ ਭਾਗੀ ਬਣਦਾ ਹੈ ਪਰ ਇਸ ਦੇ ਬਾਵਜੂਦ ਕਬੀਰ ਜੀ ਆਪਣੀ ਉਮਰ ਦੇ ਅੰਤਲੇ ਸਮੇਂ ਮਗਹਰ ਵਿਚ ਜਾ ਵਸੇ। ਕਬੀਰ ਜੀ ਨੇ ਅਜਿਹਾ ਕਦਮ ਇਸ ਲਈ ਉਠਾਇਆ ਕਿਉਂਕਿ ਉਨ੍ਹਾਂ ਨੂੰ ਆਪਣੇ ਪ੍ਰਭੂ ਉੱਤੇ ਪੂਰਨ ਭਰੋਸਾ ਸੀ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਸਪੱਸ਼ਟ ਕੀਤਾ ਹੈ ਕਿ:

*ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੬੯)*

ਕਬੀਰ ਜੀ ਸਿੱਧ ਇਹ ਕਰਨਾ ਚਾਹੁੰਦੇ ਸਨ ਕਿ ਇਸ ਦ੍ਰਿਸ਼ਟਮਾਨ ਜਗਤ ਦੇ ਚੱਪੇ-ਚੱਪੇ ਦਾ ਮਾਲਕ, ਇਕੋ ਇਕ ਅਕਾਲ ਪੁਰਖ ਆਪ ਹੈ। ਉਹ ਆਪ ਹੀ ਕਰਤਾ ਹੈ ਅਤੇ ਆਪ ਹੀ ਭੁਗਤਾ। ਇਹ ਸਾਰੀ ਸ੍ਰਿਸ਼ਟੀ ਉਸ ਦੀ ਆਪਣੀ ਬਣਾਈ ਹੋਈ ਹੈ ਅਤੇ ਉਹ ਆਪ ਹੀ ਸਾਰੀ ਸ੍ਰਿਸ਼ਟੀ ਵਿਚ ਵੱਸਿਆ ਹੋਇਆ ਹੈ :

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥*
*ਲੋਗਾ ਭਰਮਿ ਨ ਭੂਲਹੁ ਭਾਈ ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥*
*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥*

*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥*
*ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥*
*ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੯-੫੦)*

ਅਰਥਾਤ ਆਰੰਭ ਵਿਚ ਪਰਮਾਤਮਾ ਨੇ ਨੂਰ ਜਾਂ ਰੌਸ਼ਨੀ ਜਾਂ ਜੋਤਿ ਪੈਦਾ ਕੀਤੀ, ਇਸੇ ਨੂਰ ਤੋਂ ਪ੍ਰਕ੍ਰਿਤੀ ਅਤੇ ਇਸੇ ਪ੍ਰਕ੍ਰਿਤੀ ਤੋਂ ਮਨੁੱਖ ਪੈਦਾ ਹੋਇਆ। ਇਸ ਤਰ੍ਹਾਂ ਨਿਰਾਕਾਰ ਪਰਮਾਤਮਾ ਤੋਂ ਮਨੁੱਖੀ-ਸਮਾਜ ਦੇ ਢਾਂਚੇ ਦੀ ਪ੍ਰਕ੍ਰਿਆ ਦਾ ਸੰਚਾਲਨ ਹੋਇਆ। 'ਏਕ ਨੂਰ ਤੇ ਸਭੁ ਜਗੁ ਉਪਜਿਆ' ਦੇ ਸਿਧਾਂਤ ਅਨੁਸਾਰ ਸਾਰੇ ਮਨੁੱਖ ਇਕੋ ਜਿਹੇ ਹਨ, ਇਨ੍ਹਾਂ ਵਿਚ ਅੰਤਰ ਹੋ ਹੀ ਨਹੀਂ ਸਕਦਾ।

ਕਬੀਰ ਜੀ ਮਗਹਰ ਜਾ ਕੇ ਇਸ ਮਨੌਤ ਨੂੰ ਤੋੜਨਾ ਚਾਹੁੰਦੇ ਸਨ ਕਿ ਮਗਹਰ ਵਿਚ ਮਰਨ ਵਾਲਾ ਖੋਤੇ ਦੀ ਜੂਨ ਭੋਗਦਾ ਹੈ।

*ਮਗਹਰ ਮਰੈ ਸੋ ਗਦਹਾ ਹੋਯ॥* *(ਕਬੀਰ ਬੀਜਕ)*

ਏਸੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਨੇ ਇਹ ਸੱਤਰਾਂ ਉਚਾਰਨ ਕੀਤੀਆਂ ਕਿ:

*ਸਗਲ ਜਨਮੁ ਸਿਵ ਪੁਰੀ ਗਵਾਇਆ॥*
*ਮਰਤੀ ਬਾਰ ਮਗਹਰਿ ਉਠਿ ਆਇਆ॥*
*ਬਹੁਤੁ ਬਰਸ ਤਪੁ ਕੀਆ ਕਾਸੀ॥*
*ਮਰਨੁ ਭਇਆ ਮਗਹਰ ਕੀ ਬਾਸੀ॥* *(ਉਹੀ, ਅੰਗ ੩੨੬)*

ਕਬੀਰ ਸਾਹਿਬ ਉੱਚ ਕੋਟੀ ਦੇ ਸਮਾਜ ਸੁਧਾਰਕ ਸਨ ਇਸ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਸਮਾਜ ਦੀਆਂ ਬੁਰਾਈਆਂ, ਊਚ-ਨੀਚ, ਜਾਤ-ਪਾਤ, ਕਰਮ-ਕਾਂਡ, ਭੇਖ, ਆਡੰਬਰ ਆਦਿ ਕੁਰੀਤੀਆਂ ਦਾ ਪ੍ਰਚੰਡ ਰੂਪ ਵਿਚ ਵਿਰੋਧ ਕੀਤਾ ਹੈ। ਉਹ ਨਿਰਵੈਰ ਅਤੇ ਨਿਡਰ ਸਨ। ਉਹ ਸੁਭਾਅ ਤੋਂ ਮਸਤ ਅਤੇ ਮਨਮੌਜੀ ਸਨ। ਜੋ ਮਨ ਵਿਚ ਆਇਆ ਉਹੀ ਕਹਿ ਦਿੱਤਾ। ਭਾਵਨਾਵਾਂ ਨੂੰ ਦਬਾਉਣਾ ਉਨ੍ਹਾਂ ਦੇ ਜੀਵਨ ਵਿਚ ਨਹੀਂ ਸੀ। ਸੱਚਾਈ ਦੀ ਪੂਜਾ ਕਰਨਾ ਹੀ ਉਨ੍ਹਾਂ ਦਾ ਸੱਚਾ ਧਰਮ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਾਪਤ ਕਬੀਰ ਬਾਣੀ ਇਕ ਯੁਗਾਂਤਰਕਾਰੀ ਰਚਨਾ ਹੈ। ਇਸ ਬਾਣੀ ਵਿਚ ਵਕਤ ਦੀਆਂ ਗਲਤ ਪਰੰਪਰਾਵਾਂ ਨੂੰ ਸਮਾਪਤ ਕਰਨ ਦੀ ਸ਼ਕਤੀ ਹੈ ਅਤੇ ਜੀਵਨ ਵਿਚ ਜਾਗ੍ਰਤੀ ਲਿਆਉਣ ਦੀ ਬੇਮਿਸਾਲ ਸਮਰੱਥਾ। ਆਪ ਜੀ ਨੇ ਜਿੰਨੇ ਹੌਂਸਲੇ ਨਾਲ ਪਰੰਪਰਾਗਤ ਹਿੰਦੂ ਧਰਮ ਦੇ ਕਰਮ-ਕਾਂਡਾਂ ਨਾਲ ਸੰਘਰਸ਼ ਕੀਤਾ ਉਨੇ ਹੀ ਸਾਹਸ ਨਾਲ ਭਾਰਤ ਵਿਚ ਜੜ੍ਹ ਪਕੜਨ ਵਾਲੀ ਇਸਲਾਮ

ਦੀ ਨਵੀਂ ਸੰਪਰਦਾਇਕ ਭਾਵਨਾ ਦਾ ਵੀ ਟਾਕਰਾ ਕੀਤਾ। ਇਸ ਨਾਲ ਧਰਮ ਜੀਵੰਤ ਹੋ ਕੇ ਅਨੇਕ ਚਿੱਤਰਾਂ ਵਿਚ ਸਾਕਾਰ ਹੋਇਆ। ਭਾਰਤੀ ਸਮਾਜ ਵਿਚ ਹਿੰਦੂ ਅਤੇ ਮੁਸਲਮਾਨਾਂ ਦਰਮਿਆਨ ਭਰਾਤਰੀਭਾਵ ਦਾ ਬੀਜ ਪੈਦਾ ਕਰਨਾ ਜਿਥੇ ਕਬੀਰ ਜੀ ਦਾ ਮੰਤਵ ਸੀ ਉਥੇ ਵਿਅਕਤੀਗਤ ਭਗਤੀ ਨੂੰ ਮਹਿਸੂਸ ਕਰਨਾ ਵੀ ਉਨ੍ਹਾਂ ਦਾ ਨਿਸ਼ਾਨਾ ਸੀ। ਆਪਣੇ ਆਜ਼ਾਦ ਅਤੇ ਨਿਡਰ ਵਿਚਾਰਾਂ ਨਾਲ ਉਨ੍ਹਾਂ ਨੇ ਸਮਾਜ ਸੁਧਾਰ ਲਈ ਨਵੇਂ ਰਾਹਾਂ ਵੱਲ ਸੰਕੇਤ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਬੀਰ ਜੀ ਦੀ ਬਾਣੀ ਵਿਚ ਮਾਨਵ ਜੀਵਨ ਦੇ ਪ੍ਰਸੰਗ ਵਿਚ ਜੋ ਸਿਧਾਂਤ ਦਰਜ ਹਨ ਉਨ੍ਹਾਂ ਦਾ ਆਧਾਰ ਕੋਈ ਸ਼ਾਸਤਰੀ ਗ੍ਰੰਥ ਨਹੀਂ ਬਲਕਿ ਇਹ ਸਿਧਾਂਤ ਉਨ੍ਹਾਂ ਨੇ ਹਰ ਮਨੁੱਖ ਦੇ ਰੋਜ਼ਾਨਾ ਜੀਵਨ ਵਿਚ ਪ੍ਰਤਿਦਿਨ ਘਟਣ ਵਾਲੀਆਂ ਪ੍ਰਸਥਿਤੀਆਂ ਦੇ ਪ੍ਰਕਾਸ਼ ਵਿਚ ਹੀ ਲਿਖੇ ਹਨ। ਸੰਖੇਪ ਰੂਪ ਵਿਚ ਉਨ੍ਹਾਂ ਦੇ ਮੁਖ ਸਿਧਾਂਤ ਇਸ ਤਰ੍ਹਾਂ ਹਨ:

**੧. ਦਾਰਸ਼ਨਿਕ ਸਿਧਾਂਤ:** ਕਬੀਰ ਜੀ ਨੇ ਆਪਣੇ ਦਾਰਸ਼ਨਿਕ ਚਿੰਤਨ ਲਈ ਵੱਖ-ਵੱਖ ਧਰਮਾਂ ਦੇ ਦਰਸ਼ਨ ਸੰਬੰਧੀ ਪ੍ਰਾਪਤ ਗ੍ਰੰਥਾਂ ਨੂੰ ਆਧਾਰ ਨਹੀਂ ਬਣਾਇਆ। ਇਸ ਵਿਚ ਆਜ਼ਾਦਾਨਾ ਚਿੰਤਨ ਅਤੇ ਅੰਤਰ-ਅਨੁਭਵ ਵਾਸਤੇ ਉਪਲਬਧੀ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਕਬੀਰ ਜੀ ਨੇ ਕਿਤੇ ਵੀ ਹਿੰਦੂ ਅਥਵਾ ਮੁਸਲਿਮ ਵਿਚਾਰਧਾਰਾ ਨੂੰ ਜਿਉਂ ਦਾ ਤਿਉਂ ਗ੍ਰਹਿਣ ਨਹੀਂ ਕੀਤਾ, ਬਲਕਿ ਉਨ੍ਹਾਂ ਨੇ ਯੋਗੀ, ਸੰਨਿਆਸੀ, ਸ਼ੈਵ, ਨਾਥਪੰਥੀ, ਸਿਧ, ਪੀਰ ਆਦਿ ਸਾਰੇ ਮਤਾਂ ਵਾਲਿਆਂ ਦੀ ਕਿਸੇ ਨਾ ਕਿਸੇ ਰੂਪ ਵਿਚ ਅਲੋਚਨਾ ਹੀ ਕੀਤੀ ਹੈ, ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਦਾਰਸ਼ਨਿਕ ਵਿਚਾਰਾਂ ਲਈ ਕਿਤਾਬੀ ਗਿਆਨ ਨੂੰ ਆਧਾਰ ਨਾ ਬਣਾ ਕੇ ਆਪਣੇ ਅਨੁਭਵ ਨੂੰ ਹੀ ਆਪਣਾ ਆਧਾਰ ਬਣਾਇਆ ਹੈ। ਇਸ ਲਈ ਉਨ੍ਹਾਂ ਦਾ ਦਾਰਸ਼ਨਿਕ ਚਿੰਤਨ, ਬ੍ਰਹਮ ਵਿਚ ਲੀਨ ਇਕ ਅਨੁਭਵੀ ਸਾਧਕ ਦੇ ਰਹੱਸਮਈ ਅਨੁਭਵ ਦਾ ਪ੍ਰਕਾਸ਼ ਕਿਹਾ ਜਾ ਸਕਦਾ ਹੈ।

**ਬ੍ਰਹਮ:** ਕਬੀਰ ਜੀ ਦੀ ਬ੍ਰਹਮ ਦੇ ਸੰਬੰਧ ਵਿਚ ਮਾਨਤਾ ਹੈ ਕਿ ਉਨ੍ਹਾਂ ਦਾ ਬ੍ਰਹਮ ਹਿੰਦੂ ਅਤੇ ਮੁਸਲਿਮ ਦੋਹਾਂ ਵਿਚ ਇਕ ਹੀ ਹੈ:

*ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ॥...*
*ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥*
*ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੮੩)*

**ਬ੍ਰਹਮ ਦੀ ਪ੍ਰਸ਼ੰਸਾ:**

*ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥*

*ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੬੮)*

**ਸਰਬ ਵਿਆਪਕਤਾ:**

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥੨੦੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੭੫)*

*ਮਉਲੀ ਧਰਤੀ ਮਉਲਿਆ ਅਕਾਸੁ॥*
*ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੯੩)*

*ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੫੮)*

**੨. ਜਗ ਰਚਨਾ:** ਕਬੀਰ ਜੀ ਇਸ ਸੰਸਾਰ ਦੀ ਰਚਨਾ ਨੂੰ ਇਕ ਓਂਕਾਰ ਅਥਵਾ ਇਕ ਨੂਰ ਤੋਂ ਮੰਨਦੇ ਹਨ :

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੯)*

**੩. ਜਗਤ ਨਾਸ਼ਮਾਨਤਾ:**

*ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੫)*

**੪. ਜੀਵਾਤਮਾ:**

*ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥*

*ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੭੧)*

*ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥*

*ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੭੭)*

ਕਬੀਰ ਜੀ ਮੰਨਦੇ ਹਨ ਕਿ ਗਿਆਨੀ ਮਨੁੱਖ, ਸਰੀਰ ਵਿਚ ਰਹਿੰਦਾ ਹੋਇਆ ਵੀ ਮੁਕਤ ਹੋ ਜਾਂਦਾ ਹੈ ਜਦਕਿ ਅਗਿਆਨੀ ਮਾਇਆ ਦੇ ਜਾਲ ਵਿਚ ਫਸ ਕੇ ਦੁਖ ਭੋਗਦਾ ਹੈ:

*ਅੰਧਕਾਰ ਸੁਖਿ ਕਬਹਿ ਨ ਸੋਈ ਹੈ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੫)*

**੫. ਮਾਇਆ**: ਕਬੀਰ ਜੀ ਮਾਇਆ ਨੂੰ ਇਸ ਲੋਕ ਦੀ ਈਸ਼ਵਰੀ ਸ਼ਕਤੀ ਮੰਨਦੇ ਹਨ। ਕਬੀਰ ਬਾਣੀ ਵਿਚ ਮਾਇਆ ਦੇ ਤਿੰਨ ਗੁਣ ਮੰਨੇ ਗਏ ਹਨ: ਰਜੋ, ਤਮੋ, ਸਤੋ, ਆਦਰ-ਮਾਣ, ਜਪ-ਤਪ, ਯੋਗ ਆਦਿ ਸਭ ਮਾਇਆ ਦੇ ਪਸਾਰੇ ਹਨ। ਜਲ ਵਿਚ, ਥਲ ਵਿਚ, ਆਕਾਸ਼ ਵਿਚ ਵੀ ਮਾਇਆ ਦਾ ਹੀ ਪਸਾਰਾ ਹੈ। ਮਾਤਾ, ਪਿਤਾ, ਪਤੀ, ਪਤਨੀ ਆਦਿ ਸਭ ਮਾਇਆ ਨਾਲ ਲਿਪਤ ਹਨ। ਇਸ ਮਾਇਆ ਦੀ ਅਪਾਰ ਸ਼ਕਤੀ ਨਾਲ ਪਰਿਚੈ ਕਰਾਉਂਦੇ ਹੋਏ ਕਬੀਰ ਜੀ ਕਹਿੰਦੇ ਹਨ ਕਿ:

*ਸਰਪਨੀ ਤੇ ਊਪਰਿ ਨਹੀ ਬਲੀਆ ॥*
*ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੮੦)*

ਹੈਰਾਨੀ ਦੀ ਗੱਲ ਹੈ ਕਿ ਜੀਵਆਤਮਾ ਤਾਂ ਆਵਾਗਵਨ ਦੇ ਚੱਕਰ ਵਿਚ ਪੈ ਥੱਕ ਕੇ ਹਾਰ ਜਾਂਦੀ ਹੈ ਪਰ ਮਾਇਆ ਨਹੀਂ ਥਕਦੀ :

*ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥*
*ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੯੩)*

ਕਬੀਰ ਜੀ ਮਾਇਆ ਨੂੰ ਪਾਪਣ, ਵਿਸ਼ਵਾਸਘਾਤੀ ਆਦਿ ਪੁਕਾਰਦੇ ਹਨ ਕਿਉਂਕਿ ਇਹ ਮਾਇਆ ਅੰਤ ਸਮੇਂ ਕਿਸੀ ਦਾ ਸਾਥ ਨਹੀਂ ਦਿੰਦੀ :

*ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥*
*ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥੧੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੬੫)*

ਅਸਲ ਵਿਚ ਸੰਤਾਂ ਨੇ ਇਸ ਮਾਇਆ ਨੂੰ ਅਧਿਆਤਮਿਕ ਚਿੰਤਨ ਵਿਚ ਰੁਕਾਵਟ ਸਮਝ ਕੇ ਇਸ ਨੂੰ ਨਕਾਰਿਆ ਹੈ:

*ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥*

*ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੭੬)*

ਏਸੇ ਲਈ ਇਸ ਮਾਇਆ ਦੇ ਪ੍ਰਭਾਵ ਤੋਂ ਮਨੁੱਖ ਨੂੰ ਸਾਵਧਾਨ ਕਰਦੇ ਹੋਏ ਕਬੀਰ ਜੀ ਕਹਿੰਦੇ ਹਨ :

*ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ॥*
*ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੭੨)*

ਕਬੀਰ ਜੀ ਇਸ ਮਾਇਆ ਤੋਂ ਬਚਣ ਦਾ ਉਪਾਅ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਦੱਸਦੇ ਹਨ। ਅਜਿਹਾ ਕਰਨ ਨਾਲ ਹੀ ਮਨੁੱਖੀ-ਮਨ ਨੂੰ ਉੱਚੀ ਅਧਿਆਤਮਿਕ ਅਵਸਥਾ ਪ੍ਰਾਪਤ ਹੋ ਸਕਦੀ ਹੈ ਜੋ ਮਾਇਆ ਤੋਂ ਹਮੇਸ਼ਾ ਬਚਾਅ ਕਰ ਸਕਦੀ ਹੈ।

**੬. ਸਰੀਰ ਦੀ ਨਾਸ਼ਮਾਨਤਾ:** ਕਬੀਰ ਜੀ ਮਨੁੱਖੀ-ਸਰੀਰ ਨੂੰ ਪੰਜ ਤੱਤਾਂ ਦਾ ਪੁਤਲਾ ਮੰਨਦੇ ਹਨ। ਇਹ ਸਰੀਰ ਨਾਸ਼ਮਾਨ ਹੈ ਜੋ ਕਾਲ ਮੁਕਤ ਨਹੀਂ ਹੋ ਸਕਦਾ। ਇਨ੍ਹਾਂ ਪੰਜਾਂ ਤੱਤਾਂ ਦੀ ਸਮਾਪਤੀ ਹੀ ਸਰੀਰ ਦਾ ਨਾਸ਼ ਹੈ:

*ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥*
*ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥*
*ਅਬ ਮਨ ਜਾਗਤ ਰਹੁ ਰੇ ਭਾਈ ॥*
*ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ॥*
*ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥*
*ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੯)*

ਕਬੀਰ ਜੀ ਕਹਿੰਦੇ ਹਨ ਕਿ ਸੱਚੀ ਗੱਲ ਤਾਂ ਇਹ ਹੈ ਕਿ ਜਨਮ ਅਤੇ ਮਰਨ ਸਰੀਰ ਦੀਆਂ ਦੋ ਸੀਮਾਵਾਂ ਹਨ। ਜੋ ਮਨੁੱਖ ਅਗਿਆਨ ਦੀ ਨੀਂਦਰ ਸੌਂ ਜਾਂਦਾ ਹੈ ਕਾਲ ਉਸ ਨੂੰ ਖਾ ਜਾਂਦਾ ਹੈ ਪਰੰਤੂ ਜੋ ਜੀਵ ਸੁਚੇਤ ਹੋ ਕੇ ਜਾਗਦਾ ਰਹਿੰਦਾ ਹੈ ਉਹ ਆਤਮਿਕ ਤੌਰ 'ਤੇ ਨਹੀਂ ਮਰਦਾ। ਇਸ ਲਈ ਕਬੀਰ ਜੀ ਮਨੁੱਖ ਨੂੰ ਸੁਚੇਤ ਕਰਦੇ ਹੋਏ ਕਹਿੰਦੇ ਹਨ ਕਿ:

*ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥*
*ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੩)*

ਪਰੰਤੂ ਮੌਤ ਦਾ ਕਾਲ ਸਾਰਿਆਂ ਲਈ ਜ਼ਰੂਰੀ ਹੈ :

*ਨਾਗੇ ਆਵਨੁ ਨਾਂਗੇ ਜਾਨਾ ॥ ਕੋਇ ਨ ਰਹਿਹੈ ਰਾਜਾ ਰਾਨਾ ॥੧॥*
*ਰਾਮੁ ਰਾਜਾ ਨਉ ਨਿਧਿ ਮੇਰੈ ॥ ਸੰਪੈ ਹੇਤੁ ਕਲਤੁ ਧਨੁ ਤੇਰੈ ॥੧॥ਰਹਾਉ॥*
*ਆਵਤ ਸੰਗ ਨ ਜਾਤ ਸੰਗਾਤੀ ॥ ਕਹਾ ਭਇਓ ਦਰਿ ਬਾਂਧੇ ਹਾਥੀ ॥੨॥*
*ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥੩॥*
*ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੫੭-੫੮)*

ਕਬੀਰ ਜੀ ਨੂੰ ਆਪਣੀ ਮੌਤ ਦਾ ਕੋਈ ਸੋਗ ਅਥਵਾ ਦੁੱਖ ਨਹੀਂ ਹੈ। ਉਨ੍ਹਾਂ ਦੀ ਮਾਨਤਾ ਹੈ ਕਿ ਮਰਨ ਤੋਂ ਬਾਅਦ ਹੀ ਪਰਮਾਤਮਾ ਨਾਲ ਮੇਲ ਹੁੰਦਾ ਹੈ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੬੫)*

ਕਬੀਰ ਜੀ ਮਨੁੱਖਾ ਜਨਮ ਨੂੰ ਦੁਰਲਭ ਮੰਨਦੇ ਹਨ ਅਤੇ ਮਨੁੱਖ ਨੂੰ ਸਾਵਧਾਨ ਵੀ ਕਰਦੇ ਹਨ ਕਿ :

*ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ॥੧॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੫੯)*

ਸੱਚੀ ਗੱਲ ਹੀ ਇਹੋ ਹੈ।

**੨. ਕਰਮ ਮਾਰਗ**: ਕਬੀਰ ਜੀ ਇਸ ਗੱਲ ਨਾਲ ਤਾਂ ਸਹਿਮਤ ਹਨ ਕਿ ਮਨੁੱਖ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ ਉਸਨੂੰ ਉਹੋ ਜਿਹਾ ਫਲ ਮਿਲਦਾ ਹੈ:

*ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥*
*ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੪)*

ਲੇਕਿਨ ਪਰਮਾਤਮਾ ਦੀ ਪ੍ਰਾਪਤੀ ਲਈ ਉਹ ਉਸ ਕਰਮ ਮਾਰਗ ਨੂੰ ਅਸਵੀਕਾਰ ਕਰਦੇ ਹਨ ਜੋ ਕਰਮ-ਕਾਂਡ ਤੇ ਅਧਾਰਿਤ ਹੈ। ਉਨ੍ਹਾਂ ਦੀ ਬਾਣੀ ਵਿਚ ਕਰਮ ਮਾਰਗ ਦਾ ਸਰੂਪ ਸੰਖੇਪ ਵਿਚ ਇਸ ਤਰ੍ਹਾਂ ਹੈ:

*ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥*

*ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੪)*

ਆਪ ਜੀ ਕਹਿੰਦੇ ਹਨ ਕਿ ਜਦ ਭਰਮ ਦਾ ਅੰਧਕਾਰ ਦੂਰ ਹੁੰਦਾ ਹੈ ਤਾਂ ਬ੍ਰਹਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਜੀਵ ਜੈਸਾ ਕਰਮ ਕਰਦਾ ਹੈ ਉਸਨੂੰ ਫਲ ਵੀ ਉਹੋ ਜਿਹਾ ਹੀ ਮਿਲਦਾ ਹੈ। ਇਸ ਲਈ ਕਰਮਕਾਂਡ ਛੱਡ ਕੇ ਸੱਚੀ ਪ੍ਰਭੂ ਭਗਤੀ ਕਰਨੀ ਚਾਹੀਦੀ ਹੈ।

**੮. ਮੁਕਤੀ:** ਜਦ ਜੀਵ ਇਸ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਅਥਵਾ ਮਾਇਆ ਦੀ ਪਕੜ ਤੋਂ ਆਪਣੇ ਮਨ ਨੂੰ ਆਜ਼ਾਦ ਕਰ ਲੈਂਦਾ ਹੈ ਤਾਂ ਉਹ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਇਥੇ ਪਹੁੰਚ ਕੇ ਉਸ ਦਾ ਮਨ ਨਿਰਮਲ ਹੋ ਜਾਂਦਾ ਹੈ ਤੇ ਆਤਮਾ ਅਤੇ ਪਰਮਾਤਮਾ ਦਾ ਅੰਤਰ ਮਿਟ ਜਾਂਦਾ ਹੈ ਇਸੇ ਅਵਸਥਾ ਨੂੰ ਮੁਕਤੀ ਪ੍ਰਾਪਤ ਹੋਣਾ ਮੰਨਿਆ ਜਾਂਦਾ ਹੈ।

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੬੭)*

**੯. ਯੋਗ ਸਾਧਨਾ:** ਕਬੀਰ ਜੀ ਸਮੇਂ ਗੋਰਖਨਾਥ ਦੀ ਨਾਥ-ਸੰਪਰਦਾ ਦਾ ਵਧੇਰੇ ਪ੍ਰਭਾਵ ਸੀ। ਇਹ ਨਾਥ ਯੋਗੀ 'ਹਠ ਯੋਗ' ਦੀ ਸਾਧਨਾ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਿਆ ਕਰਦੇ ਸਨ। ਅਸਲ ਵਿਚ ਇਨ੍ਹਾਂ ਦੀ ਸਾਧਨਾ ਬ੍ਰਹਮਚਾਰ ਅਤੇ ਪਾਖੰਡ-ਕਰਮਾਂ 'ਤੇ ਵਧੇਰੇ ਜ਼ੋਰ ਦੇਣ ਵਾਲੀ ਸੀ। ਇਸ ਲਈ ਕਬੀਰ ਬਾਣੀ ਵਿਚ ਯੋਗ ਸਾਧਨਾ ਦੀ ਸ਼ਬਦਾਵਲੀ ਦਾ ਪ੍ਰਯੋਗ ਤਾਂ ਖੁਲ੍ਹੇਆਮ ਹੋਇਆ ਹੈ ਪਰ ਹਠ ਯੋਗ ਦੀ ਕਠਿਨ ਸਾਧਨਾ ਦਾ ਤੀਬਰ ਖੰਡਨ ਕੀਤਾ ਗਿਆ ਹੈ:

*ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ ॥*
*ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੭੦)*

*ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥*
*ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੪)*

ਇਸ ਲਈ ਕਬੀਰ ਜੀ ਕਹਿੰਦੇ ਹਨ ਕਿ:

*ਨਾ ਮੈ ਜੋਗ ਧਿਆਨ ਚਿਤੁ ਲਾਇਆ॥ ਬਿਨੁ ਬੈਰਾਗ ਨ ਛੂਟਸਿ ਮਾਇਆ॥੧॥*

*ਕੈਸੇ ਜੀਵਨੁ ਹੋਇ ਹਮਾਰਾ ॥ ਜਬ ਨ ਹੋਇ ਰਾਮ ਨਾਮ ਅਧਾਰਾ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੯)*

ਇਸ ਸੰਦਰਭ ਵਿਚ ਕਬੀਰ ਜੀ ਦਾ ਮਤ ਹੈ ਕਿ:

*ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ ॥*
*ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ ॥੧॥*
*ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥੧॥ ਰਹਾਉ॥*
*ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥*
*ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥੨॥*
*ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥*
*ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥੩॥*
*ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥*
*ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੪-੩੫)*

ਅਸਲ ਵਿਚ ਕਬੀਰ ਜੀ ਨੂੰ ਯੋਗ ਦੀਆਂ ਸਾਰੀਆਂ ਪ੍ਰਕ੍ਰਿਆਵਾਂ ਦਾ ਗਿਆਨ ਸੀ। ਉਨ੍ਹਾਂ ਦੀ ਬਾਣੀ ਵਿਚ ਸਾਰੀਆਂ ਔਖੀਆਂ ਪ੍ਰਕ੍ਰਿਆਵਾਂ ਦਾ ਵਰਣਨ ਕੀਤਾ ਗਿਆ ਹੈ। ਪ੍ਰਾਣਾਯਾਮ, ਹਠ ਯੋਗ, ਨਾਦ ਬਿੰਦ ਯੋਗ, ਅਨਹਦ ਨਾਦ, ਸਹਜ ਯੋਗ, ਕੁੰਡਲਿਨੀ ਯੋਗ ਅਤੇ ਇਨ੍ਹਾਂ ਦੀਆਂ ਮੁਦਰਾਵਾਂ ਆਦਿ ਦਾ ਵਰਣਨ ਕੀਤਾ ਗਿਆ ਹੈ। ਪਰੰਤੂ ਕਬੀਰ ਜੀ ਇਸ ਪ੍ਰਣਾਲੀ ਨੂੰ ਅਸਵੀਕਾਰ ਕਰਦੇ ਹੋਏ ਕਹਿੰਦੇ ਹਨ:

*ਕਹੈ ਕਬੀਰ ਨਿਰੰਜਨ ਧਿਆਵਉ॥ ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੭)*

੨. **ਸਮਾਜਿਕ ਚਿੰਤਨ**: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਸਮੇਤ ਸਾਰੇ ਬਾਣੀਕਾਰਾਂ ਦਾ ਸਮਾਜਿਕ ਚਿੰਤਨ ਆਧੁਨਿਕ ਪੱਛਮੀ ਮਾਨਵਵਾਦੀ ਦ੍ਰਿਸ਼ਟੀ ਤੋਂ ਵੱਖਰਾ ਨਜ਼ਰ ਆਉਂਦਾ ਹੈ। ਪੱਛਮੀ ਚਿੰਤਨ ਮਨੁੱਖ ਨੂੰ ਸਾਰੀਆਂ ਗੱਲਾਂ ਦਾ ਮਾਪਦੰਡ ਮੰਨ ਕੇ ਬਾਕੀ ਜੀਵਾਂ ਤੋਂ ਉੱਚਾ ਚੁਕਦੇ ਹਨ ਅਤੇ ਉਸ ਤੋਂ ਬਾਅਦ ਮਨੁੱਖਾਂ ਨੂੰ ਬੋਧਿਕ ਸਤਰ 'ਤੇ ਸਮਾਨ ਵਿਖਾ ਕੇ ਮਾਨਵਵਾਦ ਦੀ ਸਥਾਪਨਾ ਕਰਦੇ ਹਨ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਦੀ ਬਾਣੀ ਵਿਚ ਮਨੁੱਖ ਨੂੰ ਹਰ ਤਰ੍ਹਾਂ ਦੀ ਸ਼ਕਤੀ ਦੇਣ ਵਾਲਾ ਪਰਮਾਤਮਾ ਇਕ ਹੀ ਹੈ ਅਤੇ ਬਾਕੀ ਸਭ ਜੀਵ ਉਸ ਪਰਮਾਤਮਾ ਦੇ ਅਧੀਨ ਉਸ ਦੇ ਅੰਸ਼ ਮਾਤਰ ਹਨ। ਇਸ ਦ੍ਰਿਸ਼ਟੀ ਨਾਲ ਮਨੁੱਖ ਅਤੇ ਮਨੁੱਖ ਵਿਚ

ਅੰਤਰ ਕਰਨਾ ਅਨੈਤਿਕ ਕਰਮ ਹੈ। ਇਹੋ ਕਬੀਰ ਜੀ ਦਾ ਸਮਾਜਿਕ ਚਿੰਤਨ ਹੈ। ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਯੋਗ ਸਥਾਨ ਦਿੱਤਾ ਗਿਆ ਹੈ। ਕਬੀਰ ਜੀ ਵਲੋਂ ਜਾਤਿ ਭੇਦ, ਵਰਗ ਭੇਦ ਅਤੇ ਕਰਮ-ਕਾਂਡ ਦਾ ਖੰਡਨ ਅਤੇ ਇਕ ਜੋਤਿ ਪਰਮਾਤਮਾ ਵਿਚ ਵਿਸ਼ਵਾਸ ਭਾਰਤੀ 'ਬਸੁਧੈਵ ਕੁਟੁੰਬਕਮ' ਦੇ ਸਿਧਾਂਤ ਦਾ ਅਨੁਸਰਣ ਹੈ।

ਦਰਅਸਲ ਕਬੀਰ ਜੀ ਆਪਣੇ ਸਮੇਂ ਦੇ ਮਾਨਵ-ਸਮਾਜ ਦੇ ਸੱਚੇ ਪ੍ਰਤੀਨਿਧ ਸਨ। ਉਨ੍ਹਾਂ ਦਾ ਅਸਲ ਰੂਪ ਇਕ ਸਾਧਕ ਦਾ ਸੀ। ਉਹ ਇਕੋ ਸਮੇਂ ਨਿਡਰ, ਸਪੱਸ਼ਟਵਾਦੀ ਅਤੇ ਨਿਮਰ ਸਨ। ਦਿਖਾਵਾ ਅਤੇ ਪਾਖੰਡ ਉਨ੍ਹਾਂ ਨੂੰ ਮੁੱਢੋਂ ਹੀ ਅਸਵੀਕਾਰ ਸੀ। ਹੰਕਾਰ ਅਤੇ ਅਨਾਚਾਰ ਦੇ ਉਹ ਦੁਸ਼ਮਣ ਸਨ। ਗਰੀਬਾਂ ਅਤੇ ਪੀੜਤਾਂ ਨੂੰ ਭਗਤੀ ਦਾ ਅਧਿਕਾਰ ਦੇ ਕੇ ਉਹ ਉਨ੍ਹਾਂ ਨੂੰ ਪ੍ਰੇਰਦੇ ਅਤੇ ਉਤਸ਼ਾਹ ਦਿੰਦੇ ਸਨ। ਉਹ ਜਨਜੀਵਨ ਦੇ ਅਤਿ ਨੇੜੇ ਸਨ। ਸੰਤਤਾਈ ਉਨ੍ਹਾਂ ਦੇ ਵਿਅਕਤਿਤਵ ਦੀ ਸਰਲ ਅਵਸਥਾ ਸੀ।

ਭਗਤ ਕਬੀਰ ਜੀ ਜਾਗਰੂਕ ਚਿੰਤਕ ਅਤੇ ਨਿਰਲੇਪ ਆਲੋਚਕ ਸਨ। ਸਭ ਤੋਂ ਵੱਡੀ ਗੱਲ ਹੈ ਕਿ ਉਨ੍ਹਾਂ ਦੇ ਸੁਭਾਅ ਵਿਚ ਨਿਡਰਤਾ, ਰੁਖਾਪਨ ਅਤੇ ਵਿਰੋਧਤਾ ਦਾ ਭਾਵ ਦਿਖਾਈ ਦਿੰਦਾ ਹੈ। ਇਸ ਦਾ ਕਾਰਣ ਹੈ-ਉਨ੍ਹਾਂ ਦਾ ਮਾਨਵ ਪਿਆਰ, ਦਯਾਲਤਾ ਅਤੇ ਇਮਾਨਦਾਰੀ। ਪਾਖੰਡਾਂ ਦੇ ਖਿਲਾਫ਼ ਉਨ੍ਹਾਂ ਦੀ ਬਾਣੀ ਵਿਚ ਜੋ ਵਿਰੋਧਤਾ ਵਿਖਾਈ ਦਿੰਦੀ ਹੈ ਉਸ ਵਿਚ ਉਨ੍ਹਾਂ ਦੀ ਇਮਾਨਦਾਰੀ ਨੂੰ ਹੀ ਪ੍ਰੇਰਣਾ ਮਿਲਦੀ ਹੈ। ਜਿਸ ਬਾਣੀ ਵਿਚ ਵਿਰੋਧ ਹੋਵੇ ਕ੍ਰਾਂਤੀ ਦੇ ਅੰਸ਼ ਉਸੇ ਵਿਚ ਹੁੰਦੇ ਹਨ।

ਮਾਨਵ ਏਕਤਾ ਦੇ ਸੰਦਰਭ ਵਿਚ ਭਗਤ ਕਬੀਰ ਜੀ ਰੂੜੀਆਂ ਦੇ ਵਿਰੋਧੀ ਜ਼ਰੂਰ ਨਜ਼ਰ ਆਉਂਦੇ ਹਨ ਪਰੰਤੂ ਧਰਮ ਨੂੰ ਮੰਨਣ ਵਾਲੇ ਵਿਅਕਤੀ ਹਨ। ਸਮਾਜ ਵਿਚ ਪ੍ਰਚੱਲਤ ਅੰਧਵਿਸ਼ਵਾਸਾਂ ਪ੍ਰਤੀ ਉਨ੍ਹਾਂ ਨੂੰ ਘਿਰਣਾ ਹੈ ਅਤੇ ਸੱਚ-ਕਰਮ ਅਤੇ ਸਦਾਚਾਰ ਪ੍ਰਤੀ ਉਨ੍ਹਾਂ ਦੀ ਆਸਥਾ ਹੈ। ਉਨ੍ਹਾਂ ਨੂੰ ਪ੍ਰੇਮ ਦੇ ਪੁਜਾਰੀ ਅਤੇ ਨੀਤੀ ਦੇ ਸੰਸਥਾਪਕ ਕਿਹਾ ਜਾ ਸਕਦਾ ਹੈ। ਉਹ ਪਰਾਏ ਧਨ ਅਤੇ ਪਰਾਏ ਮਾਲ 'ਤੇ ਕਬਜ਼ਾ ਕਰਨ ਦੀ ਨਿੰਦਾ ਕਰਦੇ ਹਨ। ਉਨ੍ਹਾਂ ਦੀ ਮਾਨਤਾ ਹੈ ਕਿ ਧਨ ਨੂੰ ਇਕੱਠਾ ਇਕ ਕਰਦਾ ਹੈ ਅਤੇ ਉਹ ਕੰਮ ਦੂਸਰੇ ਦੇ ਆਉਂਦਾ ਹੈ।

*ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥*
*ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੭੧)*

ਵੇਦ, ਕਤੇਬ ਅਤੇ ਕੁਰਾਨ ਦੇ ਅੰਧ-ਪਾਠ ਵਿਚ ਕਬੀਰ ਜੀ ਦੀ ਬਿਲਕੁਲ

ਆਸਥਾ ਨਹੀਂ ਹੈ। ਉਹ ਅੰਧ-ਪਾਠ ਦੀ ਨਿੰਦਾ ਕਰਦੇ ਹਨ, ਕਿੰਤੂ ਉਨ੍ਹਾਂ ਪਾਠਾਂ ਵਿਚ ਜੋ ਸਚਾਈ ਹੈ, ਜਿਸ ਅਨੁਭਵ ਦੀ ਉਹ ਵਿਅੰਜਨਾ ਹੈ ਉਸ ਦੀ ਉਹ ਭਰਪੂਰ ਪ੍ਰਸ਼ੰਸਾ ਕਰਦੇ ਹਨ :

*ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥*
*ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥*
*ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥*
*ਐਸੇ ਸੰਤ ਨ ਮੋ ਕਉ ਭਾਵਹਿ ॥*
*ਡਾਲਾ ਸਿਉ ਪੇਡਾ ਗਟਕਾਵਹਿ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੭੫)*

*ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥*
*ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੨)*

ਪਰੰਤੂ

*ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੫੦)*

ਕਬੀਰ ਜੀ ਨੂੰ ਧਾਰਮਿਕ ਆਡੰਬਰਾਂ, ਗਲੇ ਸੜੇ ਰੀਤੀ-ਰਿਵਾਜ਼ਾਂ, ਰੋਜ਼ਾ, ਵਰਤ, ਤੀਰਥ-ਰਟਨ ਆਦਿ ਵਿਚ ਕੋਈ ਆਸਥਾ ਨਹੀਂ। ਇਸ ਲਈ ਉਹ ਆਪਣੀ ਬਾਣੀ ਵਿਚ ਮਾਨਵ ਨੂੰ ਦੁਖੀ ਹੋਣ ਤੋਂ ਬਚਾਉਣ ਲਈ ਸੁਚੇਤ ਕਰਦੇ ਹੋਏ ਕਹਿੰਦੇ ਹਨ:

*ਨਗਨ ਫਿਰਤ ਜੌ ਪਾਈਐ ਜੋਗੁ ॥*
*ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥*
*ਕਿਆ ਨਾਗੇ ਕਿਆ ਬਾਧੇ ਚਾਮ ॥*
*ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥*
*ਮੂਡ ਮੁੰਡਾਏ ਜੌ ਸਿਧਿ ਪਾਈ ॥*
*ਮੁਕਤੀ ਭੇਡ ਨ ਗਈਆ ਕਾਈ ॥੨॥*
*ਬਿੰਦੁ ਰਾਖਿ ਜੌ ਤਰੀਐ ਭਾਈ ॥*
*ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥*
*ਕਹੁ ਕਬੀਰ ਸੁਨਹੁ ਨਰ ਭਾਈ ॥*
*ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੪)*

ਸੱਚ ਤਾਂ ਇਹ ਹੈ ਕਿ ਕਬੀਰ ਜੀ ਨੇ ਤਤਕਾਲੀਨ ਸਮਾਜ ਵਿਚ ਧਰਮ ਦੇ ਮੂਲ ਨੂੰ ਪਹਿਚਾਣ ਕੇ ਅਤੇ ਉਸ ਦਾ ਅਧਿਐਨ ਸਮਾਜਿਕ ਸੰਦਰਭ ਵਿਚ ਕਰਦੇ ਹੋਏ ਅਨੇਕਾਂ ਧਰਮਾਂ ਦੇ ਚੱਕਰਵਿਊ ਵਿਚੋਂ ਮੱਧਕਾਲੀਨ ਮਨੁੱਖ ਨੂੰ ਬਾਹਰ ਕੱਢਿਆ। ਇਸ ਸਮੇਂ ਕਬੀਰ ਜੀ ਨੇ ਭਗਤੀ, ਨੈਤਿਕਤਾ ਅਤੇ ਧਰਮ ਦੀ ਜੋ ਧਾਰਣਾ ਮਨੁੱਖ ਦੇ ਸਾਹਮਣੇ ਰੱਖੀ ਉਹ ਉਚਿਤ ਅਤੇ ਪ੍ਰਸੰਗਿਕ ਸੀ। ਕਬੀਰ ਜੀ ਨੇ ਉਸ ਸਮੇਂ ਦੇ ਕਾਜ਼ੀ, ਮੁੱਲਾ, ਪੰਡਿਤ, ਬ੍ਰਾਹਮਣ, ਯੋਗੀ ਅਤੇ ਹੋਰ ਧਰਮ ਦੇ ਠੇਕੇਦਾਰਾਂ ਦੇ ਦੂਸ਼ਿਤ ਕਿਰਦਾਰ ਨੂੰ ਜਨਤਾ ਦੀ ਅਦਾਲਤ ਵਿਚ ਨੰਗਾ ਕਰ ਦਿੱਤਾ। ਇਸ ਦੇ ਨਾਲ ਹੀ ਕਬੀਰ ਜੀ ਨੇ ਸੱਚੇ ਹਿੰਦੂ ਅਤੇ ਮੁਸਲਮਾਨ ਦੀ ਸਹੀ ਪਰਿਭਾਸ਼ਾ ਵੀ ਲੋਕਾਂ ਦੇ ਸਾਹਮਣੇ ਰੱਖੀ। ਡਾ. ਸਰਨਾਮ ਸਿੰਘ ਠੀਕ ਲਿਖਦੇ ਹਨ ਕਿ "ਕਬੀਰ ਨੇ ਸਮਾਜ ਦੀ ਕਮਜ਼ੋਰ, ਕਰੂਪ, ਦਯਾਯੋਗ ਅਤੇ ਮਾੜੀ ਦਸ਼ਾ ਨੂੰ ਬੜੀ ਗਹਿਰਾਈ ਨਾਲ ਵੇਖਿਆ ਅਤੇ ਪਰਖਿਆ। ਆਪਣੀ ਬਾਣੀ ਵਿਚ ਇਕ ਇਕ ਦੁਰਬਲਤਾ ਨੂੰ ਦੂਰ ਕਰਨ ਲਈ ਆਵਾਜ਼ ਬੁਲੰਦ ਕੀਤੀ।" ਡਾ. ਆਰਿਆ ਪ੍ਰਸਾਦ ਤ੍ਰਿਪਾਠੀ ਦਾ ਮੰਨਣਾ ਹੈ ਕਿ "ਹਿੰਦੂ ਮੁਸਲਮਾਨਾਂ ਵਿਚ ਜੋ ਸੰਘਰਸ਼ ਚਲ ਰਿਹਾ ਸੀ, ਉਸ ਵਿਚੋਂ ਭਿਆਨਕ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ। ਇਨ੍ਹਾਂ ਲਪਟਾਂ ਨੂੰ ਸ਼ਾਂਤ ਕਰਨ ਲਈ ਕਬੀਰ ਦੇ ਸ਼ਾਂਤੀ ਸੰਦੇਸ਼ ਨੇ ਜਲਧਾਰਾ ਦਾ ਕੰਮ ਕੀਤਾ। ਕਬੀਰ ਦੇ ਇਸ ਮਾਨਵ ਪ੍ਰੇਮ ਨਾਲ ਸਮਾਜ ਦੀ ਮੁੜ ਉਸਾਰੀ ਹੋਈ।"

ਆਪਣੇ ਸਮੇਂ ਦੀ ਵਰਣ ਵਿਵਸਥਾ ਤੇ ਚੋਟ ਕਰਦੇ ਹੋਏ ਆਪ ਜੀ ਤਰਕ ਨਾਲ ਕਹਿੰਦੇ ਹਨ :

*ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥*
*ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥*
*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥*
*ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥*
*ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥*
*ਤਉ ਆਨ ਬਾਟ ਕਾਹੇ ਨਹੀ ਆਇਆ ॥੨॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥*
*ਹਮ ਕਤ ਲੋਹੂ ਤੁਮ ਕਤ ਦੂਧ ॥੩॥*
*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥*
*ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥*

ਕਬੀਰ-ਯੁਗ ਵਿਚ ਵਰਣ-ਵੰਡ, ਜਾਤ-ਵੰਡ ਬਣਿਆ ਹੋਇਆ ਸੀ। ਇਸ

ਲਈ ਕਬੀਰ ਜੀ ਨਹੀਂ ਚਾਹੁੰਦੇ ਸਨ ਕਿ ਮਾਨਵ-ਸਮਾਜ ਵਿਚ ਜਾਤੀ, ਧਰਮ, ਨਸਲ, ਰੰਗ, ਭੇਦ ਦੇ ਅਧਾਰ 'ਤੇ ਮਨੁੱਖਾਂ ਵਿਚ ਅੰਤਰ ਹੋਵੇ। ਉਨ੍ਹਾਂ ਨੇ ਇਸ ਅੰਤਰ ਨੂੰ ਮਿਟਾਉਣ ਲਈ ਵੇਦ, ਪੁਰਾਣ, ਵਰਤ, ਰੋਜ਼ਾ, ਮੰਦਰ, ਮਸਜਿਦ, ਪੂਜਾ ਨਮਾਜ਼, ਜਨੇਊ, ਸੂਤਕ ਆਦਿ ਰੂੜੀਆਂ ਦਾ ਖੰਡਨ ਕਰਦੇ ਹੋਏ ਕਿਹਾ:

*ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥*
*ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੮੩)*

*ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥*
*ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੫੪)*

ਕਬੀਰ ਜੀ ਇਸ ਤਥ ਨੂੰ ਭਲੀਭਾਂਤ ਜਾਣਦੇ ਸਨ ਕਿ ਮੰਦਰ ਅਤੇ ਮਸਜਿਦ ਸਮਾਜ ਦੀ ਏਕਤਾ ਨੂੰ ਭੰਗ ਕਰ ਰਹੇ ਹਨ। ਉਨ੍ਹਾਂ ਨੇ ਇਸ ਵਿਸ਼ੇ ਵਿਚ ਫੈਲੇ ਹਰ ਪ੍ਰਕਾਰ ਦੇ ਭਰਮਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਸਭ ਨੂੰ ਸਮਝਾਇਆ ਕਿ ਮੰਦਰ ਦੀ ਮੂਰਤੀ ਦਾ ਭਗਵਾਨ ਅਤੇ ਮਸਜਿਦ ਦਾ ਅੱਲਾਹ ਇਕ ਹੀ ਹੈ:

*ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥*
*ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੯)*

ਇਸ ਸਮੇਂ ਬ੍ਰਾਹਮਣ ਵਰਗ ਇਸ ਕਦਰ ਸਵਾਰਥੀ ਹੋ ਗਿਆ ਸੀ ਕਿ ਕਬੀਰ ਜੀ ਉਸ ਦੀ ਪਦਵੀ ਨੂੰ ਹੀ ਮੰਨਣ ਤੋਂ ਇਨਕਾਰ ਕਰ ਦੇਂਦੇ ਹਨ:

*ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥*
*ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੭੭)*

ਕਬੀਰ ਜੀ ਦਾ ਮੁਖ ਨਿਸ਼ਾਨਾ ਸੀ ਸਮਾਜ ਨੂੰ ਤਰੱਕੀ ਦੇ ਰਾਹ 'ਤੇ ਲਿਜਾਣਾ ਇਸ ਲਈ ਉਹ ਮਨੁੱਖ ਦੀ ਕਥਨੀ ਤੇ ਕਰਨੀ ਵਿਚ ਸੰਤੁਲਨ ਲਿਆਉਣਾ ਚਾਹੁੰਦੇ ਸਨ:

*ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥*
*ਬਾਤਨ ਹੀ ਅਸਮਾਨੁ ਗਿਰਾਵਹਿ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੨)*

*ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥*

*ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥੧੩੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੭੧)*

ਇਹ ਤੱਥ ਸੱਚ ਅਧਾਰਿਤ ਹੈ ਕਿ ਵਿਅਕਤੀ ਸਮਾਜ ਦਾ ਅੰਗ ਹੁੰਦਾ ਹੈ। ਵਿਅਕਤੀ ਦੀ ਸ਼ੁੱਧਤਾ ਹੀ ਸਮਾਜਿਕ ਵਾਤਾਵਰਣ ਨੂੰ ਸ਼ੁਧ ਬਣਾ ਸਕਦੀ ਹੈ। ਇਸ ਸੰਦਰਭ ਵਿਚ ਆਪਣੀ ਮਾਨਸਿਕਤਾ ਨੂੰ ਬਦਲਣ ਦੀ ਲੋੜ ਹੁੰਦੀ ਹੈ। ਮੱਧਕਾਲ ਵਿਚ ਸਾਧਾਰਨ ਮਨੁੱਖ ਲਈ ਸ਼ਰਧਾ ਭਾਵਨਾ ਦਾ ਅਭਾਵ ਸੀ। ਇਸ ਵੇਲੇ ਮਤ ਮਤਾਂਤਰਾਂ ਨੇ ਆਮ ਜਨਤਾ ਨੂੰ ਭਟਕਾਇਆ। ਕਬੀਰ ਬਾਣੀ ਵਿਚ ਜ਼ਿਕਰ ਹੈ ਕਿ:

*ਪਡੀਆ ਕਵਨ ਕੁਮਤਿ ਤੁਮ ਲਾਗੇ ॥*
*ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥*
*ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥*
*ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੦੨)*

*ਕਾਜੀ ਤੈ ਕਵਨ ਕਤੇਬ ਬਖਾਨੀ ॥*
*ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੭੭)*

ਇਸ ਲਈ ਕਬੀਰ ਜੀ ਮੁੱਲਾਂ, ਕਾਜ਼ੀ ਅਤੇ ਬ੍ਰਾਹਮਣ ਦੀ ਪਰਿਭਾਸ਼ਾ ਕਰਦੇ ਹੋਏ ਦੱਸਦੇ ਹਨ ਕਿ:

*ਸੋ ਮੁਲਾਂ ਜੋ ਮਨ ਸਿਉ ਲਰੈ ॥*
*ਗੁਰ ਉਪਦੇਸਿ ਕਾਲ ਸਿਉ ਜੁਰੈ ॥*
*ਕਾਲ ਪੁਰਖ ਕਾ ਮਰਦੈ ਮਾਨੁ ॥*
*ਤਿਸੁ ਮੁਲਾ ਕਉ ਸਦਾ ਸਲਾਮੁ ॥੧॥*
*ਕਾਜੀ ਸੋ ਜੁ ਕਾਇਆ ਬੀਚਾਰੈ ॥*
*ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੫੯-੬੦)*

*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥*
*ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੪)*

ਕਬੀਰ ਬਾਣੀ ਵਿਚ ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਹੀ ਸਮਾਜਿਕ ਵਾਤਾਵਰਣ ਨੂੰ ਦੂਸ਼ਿਤ ਕਰਨ ਤੋਂ ਰੋਕਿਆ ਗਿਆ ਹੈ। ਕਬੀਰ ਜੀ ਦੇ ਪਰਮਾਤਮਾ ਵਿਚ 'ਖਾਲਿਕ'

ਅਤੇ 'ਖਲਕ' ਦੋਵਾਂ ਦਾ ਮੇਲ ਹੈ। ਸੱਚਾਈ ਲਈ ਉਸ ਸਮਾਜ ਵਿਚ ਪੁਰਾਤਨ ਮਾਨਤਾਵਾਂ ਨੂੰ ਮਹੱਤਵ ਨਹੀਂ ਦਿੰਦੇ। ਕਿਸੇ ਵੀ ਅਯੋਗ ਮਾਨਤਾ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਉਹ ਰੱਦ ਕਰਨ ਦੇ ਸਮਰੱਥ ਸਨ। ਉਨ੍ਹਾਂ ਦਾ ਮਨ ਉਸੇ ਅਨੁਭਵ ਨੂੰ ਸਵੀਕਾਰ ਕਰਦਾ ਸੀ ਜੋ ਸਮਾਜ ਨੂੰ ਪ੍ਰਗਤੀ ਦੇ ਮਾਰਗ ਵੱਲ ਲੈ ਕੇ ਜਾਂਦਾ ਸੀ। ਇਸ ਲਈ ਕਬੀਰ ਜੀ ਦੇ ਸਮਾਜ ਦਰਸ਼ਨ ਤੋਂ ਪਤਾ ਚਲਦਾ ਹੈ ਕਿ ਸਮਾਜ ਦੇ ਨਿਰਮਾਣ ਵਿਚ ਅਤੇ ਸਮਕਾਲੀਨ ਪਰਿਸਥਿਤੀਆਂ ਨੂੰ ਸੁਧਾਰਨ ਵਿਚ ਉਨ੍ਹਾਂ ਦੀ ਭੂਮਿਕਾ ਇਤਿਹਾਸਿਕ ਸੀ।

ਭਗਤ ਕਬੀਰ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਨੂੰ ਧਿਆਨ ਨਾਲ ਵਿਚਾਰ ਕਰਨ ਉੱਤੇ ਉਨ੍ਹਾਂ ਦੀ ਬਾਣੀ ਵਿਚ ਹੇਠ ਲਿਖੇ ਅਨੁਸਾਰ ਮਾਨਵ-ਜੀਵਨ ਨੂੰ ਸ਼ਿੰਗਾਰਨ ਤੇ ਸੁਧਾਰਨ ਲਈ ਸੇਧ ਮਿਲਦੀ ਹੈ :

੧. ਕਬੀਰ ਜੀ ਮੂਲ ਰੂਪ ਵਿਚ ਨਿਰਗੁਣ ਸਕੂਲ ਪ੍ਰੰਪਰਾ ਨਾਲ ਜੁੜੇ ਹੋਏ ਸਨ। ਇਸ ਤਰ੍ਹਾਂ ਉਨ੍ਹਾਂ ਦੀ ਬਾਣੀ ਵਿਚ ਬ੍ਰਹਮ ਦਾ ਸਰੂਪ ਨਿਰਗੁਣ, ਨਿਰਾਕਾਰ, ਅਗਮ, ਅਗੋਚਰ, ਅਬਿਨਾਸੀ ਵਾਲਾ ਉਜਾਗਰ ਹੁੰਦਾ ਹੈ।

੨. ਕਬੀਰ ਜੀ ਨੇ ਆਪਣੇ ੨੨੯ ਪਦਾਂ, ਬਾਵਨ ਅਖਰੀ ਥਿਤੀ ਤੇ ਸਤਵਾਰੇ ਲਈ ੧੭ ਮੁਖ ਅਤੇ ੮ ਉਪ ਰਾਗਾਂ ਦਾ ਪ੍ਰਯੋਗ ਕੀਤਾ ਹੈ। ਜਿਸ ਵਿਚ ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਅਤੇ ਪ੍ਰਭਾਤੀ ਮੁਖ ਰਾਗ ਸ਼ਾਮਲ ਹਨ। ਉਨ੍ਹਾਂ ਨੇ ਆਪਣੇ ਇਹ ਪਦ, ਇਕ ਪਦੇ, ਦੁਪਦੇ, ਤਿਪਦੇ, ਚਉਪਦੇ ਆਦਿ ਰੂਪਾਂ ਵਿਚ ਰਚੇ ਹਨ।

੩. ਬਨਾਰਸ ਵਿਚ ਰਹਿਣ ਕਾਰਣ, ਕਬੀਰ ਸਾਹਿਬ ਨੂੰ ਇਸਲਾਮ ਅਤੇ ਹਿੰਦੂ ਧਰਮ ਵਿਚ ਪਨਪੀ ਕੱਟੜਤਾ ਅਤੇ ਖੋਖਲੇ ਕਰਮ-ਕਾਂਡਾਂ ਬਾਰੇ ਨਿੱਜ-ਅਨੁਭਵ ਸੀ ਏਸੇ ਲਈ ਉਨ੍ਹਾਂ ਨੇ ਇਨ੍ਹਾਂ ਵਿਚਲੀਆਂ ਗਲਤ ਕਦਰਾਂ ਕੀਮਤਾਂ ਨੂੰ ਅਪ੍ਰਵਾਨ ਕਰਕੇ ਸ਼ਬਦ-ਗੁਰੂ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ ਅਤੇ ਬਾਹਰੀ ਵਿਖਾਵੇ ਵਾਲੀਆਂ ਪੂਜਾ ਪਧਤੀਆਂ ਨੂੰ ਛੱਡਦਿਆਂ ਅੰਤਰ ਮੁਖ ਪ੍ਰਭੂ-ਪਿਆਰ ਪੈਦਾ ਕਰਨ ਦਾ ਮਾਰਗ ਅਪਨਾਉਣ ਦੀ ਪ੍ਰੇਰਨਾ ਦਿੱਤੀ। ਉਹ ਮਨੁੱਖ ਦੇ ਬਾਹਰਲੇ ਹਾਲਾਤ ਸੁਧਾਰਨ ਦੀ ਥਾਂ ਅੰਦਰੂਨੀ ਰੂਹਾਨੀ ਸ਼ਕਤੀ ਦੁਆਰਾ, ਉਸ ਦਾ ਸੁਭਾਅ ਅਤੇ ਰੁਚੀਆਂ ਬਦਲਣਾ ਚਾਹੁੰਦੇ ਸਨ। ਉਨ੍ਹਾਂ ਦੀ ਬਾਣੀ ਦਾ ਸੁਰ ਵੀ ਏਸੇ ਲਈ ਪ੍ਰਭੂ ਨਾਲ ਮਿਲਾਪ ਕਰਨ ਉੱਤੇ ਬਲ ਦਿੰਦਾ ਹੈ। ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਦੀ ਬਾਣੀ ਦਾ ਸੁਰ ਇਸ ਮੰਤਵ ਕਾਰਜ ਸਿਧੀ ਲਈ ਨਫ਼ਰਤ ਦੀ ਥਾਂ ਪਿਆਰ, ਈਰਖਾ ਦੀ ਥਾਂ

ਸਹਿਨਸ਼ੀਲਤਾ, ਸ਼ੱਕ ਦੀ ਥਾਂ ਸ਼ਰਧਾ ਅਤੇ ਸੇਵਾ-ਤਿਆਗ ਦਾ ਮਾਰਗ ਦਰਸਾਉਂਦਿਆਂ ਪ੍ਰਭੂ ਨੂੰ ਬਾਹਰੋਂ ਲੱਭਣ ਦੀ ਥਾਂ ਅੰਦਰੋਂ ਖੋਜਣ ਦੀ ਰੁਚੀ ਪੈਦਾ ਕਰਨ ਦੀ ਪ੍ਰੇਰਨਾ ਦਿੰਦਾ ਹੈ।

੪. ਭਗਤ ਕਬੀਰ ਜੀ ਨੇ ਆਪਣੇ ਸਿਧਾਂਤਾਂ ਦੀ ਪਾਲਣਾ ਕਰਨ ਅਤੇ ਕਰਾਉਣ ਸਮੇਂ ਕਿਸੇ ਵੀ ਵਿਅਕਤੀ ਦੀ ਜਾਤਿ, ਧਰਮ ਜਾਂ ਫਿਰਕੇ ਨਾਲ ਨਫ਼ਰਤ ਕਰਨ ਦਾ ਸ਼ਬਦ ਨਹੀਂ ਵਰਤਿਆ। ਉਨ੍ਹਾਂ ਦਾ ਟਕਰਾਉ ਕੇਵਲ ਉਨ੍ਹਾਂ ਗ਼ਲਤ ਕੀਮਤਾਂ ਨਾਲ ਹੈ ਜੋ ਮਨੁੱਖ ਦਾ ਵਿਕਾਸ ਕਰਨ ਦੀ ਥਾਂ ਵਿਨਾਸ਼ ਕਰ ਰਹੀਆਂ ਸਨ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਜਾਤਿ-ਪਾਤਿ ਤੇ ਉਚ-ਨੀਚ ਦੇ ਵਿਤਕਰੇ, ਪ੍ਰਭੂ ਦੇ ਬਣਾਏ ਹੋਏ ਨਹੀਂ, ਇਹ ਤਾਂ ਮਾਨਵ-ਸਿਰਜਣਾ ਹਨ। ਇਨ੍ਹਾਂ ਦੀ ਆੜ ਹੇਠ ਮੌਕਾ ਪ੍ਰਸਤ ਲੋਕ, ਨਿੱਜ ਲਾਭਾਂ ਲਈ ਇਨਸਾਨ ਨੂੰ ਇਨਸਾਨ ਨਾਲ ਲੜਾਉਂਦੇ ਹਨ।

੫. ਕਬੀਰ ਜੀ ਦੀ ਵਿਚਾਰਧਾਰਾ ਵਿਚ ਉਚ-ਨੀਚ ਸ਼੍ਰੇਣੀ ਨੂੰ ਕੋਈ ਮਾਨਤਾ ਹੀ ਨਹੀਂ ਦਿੱਤੀ ਗਈ। ਏਸੇ ਲਈ ਉਹ ਆਪਣੀ ਜਾਤ ਬਾਰੇ ਆਖਦੇ ਹਨ ਕਿ:

*ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥*
*ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੬੪)*

ਉਹ ਤਾਂ ਇਸ ਵਿਚਾਰਧਾਰਾ ਦੇ ਧਾਰਨੀ ਹਨ ਕਿ ਹਰ ਇਨਸਾਨ ਪੰਜਾਂ ਤੱਤਾਂ ਦਾ ਪੁਤਲਾ ਹੈ ਅਤੇ ਹਰੇਕ ਅੰਦਰ ਇਕੋ ਰੰਗ ਦਾ ਲਹੂ ਮਾਸ ਹੈ। ਏਸੇ ਲਈ ਉਹ ਜਾਤਿ ਪਾਤ ਦੇ ਆਧਾਰ ਕਾਰਨ, ਆਪੇ ਬਣੇ ਸਰਵ-ਉਚ ਬ੍ਰਾਹਮਣ ਨੂੰ ਚੈਲਿੰਜ ਕਰਦੇ ਹਨ ਕਿ:

*ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥*
*ਤਉ ਆਨ ਬਾਟ ਕਾਹੇ ਨਹੀ ਆਇਆ ॥੨॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥*
*ਹਮ ਕਤ ਲੋਹੂ ਤੁਮ ਕਤ ਦੂਧ ॥੩॥*
*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥*
*ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੪)*

ਇਸ ਉਪਰੋਕਤ ਸ਼ਬਦ ਵਿਚ ਜਿਥੇ ਬ੍ਰਾਹਮਣ ਦੀ ਜਾਤੀਵਾਦ ਦੀ ਝੂਠੀ

ਸ਼ਾਨੋ-ਸ਼ੌਕਤ ਨੂੰ ਝੁਠਲਾਇਆ ਗਿਆ ਹੈ, ਉਥੇ ਕਰਮ-ਅਧਾਰਿਤ ਅਸਲੀ ਬ੍ਰਾਹਮਣ ਦੀ ਨਿਸ਼ਾਨ ਦੇਹੀ ਵੀ ਕਰ ਦਿੱਤੀ ਗਈ ਹੈ।

੬. ਸਦੀਆਂ ਤੋਂ ਬਨਾਰਸ ਦੀ ਧਰਤੀ ਉੱਤੇ ਪੁੰਨ-ਦਾਨ, ਤੀਰਥ-ਵਰਤ, ਪੂਜਾ-ਪਾਠ, ਹਵਨ, ਯੱਗ, ਜਾਤੀਵਾਦ ਤੇ ਊਚ-ਨੀਚ ਦੀ ਪ੍ਰਚੱਲਤ ਪਰੰਪਰਾ ਨੂੰ ਤੋੜਕੇ ਜਗਿਆਸੂਆਂ ਨੂੰ ਮਾਨਵ-ਪ੍ਰੇਮ ਰਾਹੀਂ ਨਾਮ-ਸਿਮਰਨ ਦੇ ਮਾਧਿਅਮ ਦੁਆਰਾ ਪ੍ਰਭੂ-ਚਰਨਾਂ ਨਾਲ ਜੋੜਨਾ ਕੋਈ ਸੁਗਮ ਕਾਰਜ ਨਹੀਂ ਸੀ ਪਰ ਭਗਤ ਕਬੀਰ ਜੀ ਨੇ ਆਪਣੀ ਬਾਣੀ-ਰਚਨਾ ਦੇ ਪ੍ਰਮੁੱਖ ਸਿਧਾਂਤਾਂ ਨਾਲ ਇਹ ਚਮਤਕਾਰ ਕਰ ਵਿਖਾਇਆ।

੭. ਭਗਤ ਕਬੀਰ ਜੀ ਦੀ ਬਾਣੀ ਵਿਚ ਪ੍ਰਦਰਸ਼ਤ ਹੁੰਦੇ ਕਰੜੇ ਰੁੱਖ ਉਪਰ ਕੁਝ ਵਿਦਵਾਨਾਂ ਨੇ ਉਨ੍ਹਾਂ ਉੱਤੇ ਉਂਗਲ ਕੀਤੀ ਹੈ ਪਰ ਇਹ ਵਿਦਵਾਨ ਸ਼ਾਇਦ ਇਸ ਤੱਥ ਨੂੰ ਅੱਖੋਂ ਓਹਲੇ ਕਰ ਲੈਂਦੇ ਹਨ ਕਿ ਕਬੀਰ-ਕਾਲ ਵਿਚ ਪਸਰੀ ਕਰਮ-ਕਾਂਡਾਂ ਦੀ ਫੋਕੀ ਪਰੰਪਰਾ ਨੂੰ ਸਖਤੀ ਨਾਲ ਹੀ ਦਬਾਇਆ ਜਾ ਸਕਦਾ ਸੀ। ਸਰਦ ਬਰਫ਼ੀਲੀਆਂ ਚੱਟਾਨਾਂ ਚੰਦ ਦੀਆਂ ਚਾਨਣੀ ਕਿਰਣਾਂ ਨਾਲ ਨਹੀਂ, ਸਗੋਂ ਸੂਰਜ ਦੀਆਂ ਤੇਜ਼ ਤਰਾਰ ਰੌਸ਼ਨੀ ਨਾਲ ਹੀ ਪਿਘਲਦੀਆਂ ਹਨ।

੮. ਮਾਨਵ-ਆਤਮਾ, ਭਾਵੇਂ ਕਿਸੇ ਵੀ ਵਰਣ ਜਾਂ ਸ਼੍ਰੇਣੀ ਨਾਲ ਸੰਬੰਧਤ ਹੋਵੇ ਇਸ ਦੀ ਪਰਮਾਤਮਾ ਵੱਲ ਖਿੱਚ ਕੁਦਰਤੀ ਬਣੀ ਰਹਿੰਦੀ ਹੈ। ਪਰਮਾਤਮਾ ਕਿਹੋ ਜਿਹਾ ਹੈ, ਕਿਥੇ ਰਹਿੰਦਾ ਹੈ, ਉਸ ਦੀ ਪ੍ਰਾਪਤੀ ਕਿਵੇਂ ਕਰਨੀ ਹੈ, ਇਸ ਪੱਖੋਂ ਮਨੁੱਖ ਅਗਿਆਨੀ ਹੁੰਦਾ ਹੈ। ਅਗਿਆਨਤਾ ਵੱਸ ਉਹ ਪਰਮਾਤਮਾ ਨੂੰ ਭਾਂਤ-ਭਾਂਤ ਦੀਆਂ ਮੂਰਤੀਆਂ ਵਿਚ ਸਾਕਾਰ ਕਰਨ ਦਾ ਜਤਨ ਕਰਦਾ ਹੈ। ਤੀਰਥਾਂ, ਨਦੀਆਂ, ਪਰਬਤਾਂ, ਗੁਫ਼ਾਵਾਂ ਆਦਿ ਵਿਚ ਲੱਭਦਾ ਹੈ ਅਤੇ ਗ੍ਰੰਥਾਂ ਵਿਚ ਖੋਜਦਾ ਹੈ। ਪਰਮਾਤਮਾ ਨੂੰ ਪ੍ਰਾਪਤ ਕਰਨ ਹਿੱਤ ਉਹ ਭੇਖ ਧਾਰਨ ਕਰਦਾ ਹੈ, ਪੂਜਾ ਪਾਠ ਕਰਦਾ ਹੈ, ਗਲ ਵਿਚ ਮਾਲਾ ਪਹਿਨ, ਮੱਥੇ ਤਿਲਕ ਲਗਾਉਂਦਾ ਹੈ, ਪੁੰਨ ਦਾਨ, ਜਾਪ, ਤਾਪ, ਨੇਮ, ਸੰਜਮ ਆਦਿ ਦੇ ਅਨੇਕਾਂ ਕਠਿਨ ਸਾਧਨ ਕਰਦਾ ਹੈ। ਮਨੁੱਖ ਸਮਝਦਾ ਹੈ ਕਿ ਸ਼ਾਇਦ ਇਨ੍ਹਾਂ ਕ੍ਰਿਆਵਾਂ ਦੇ ਮਾਧਿਅਮ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਪਰ ਕਬੀਰ ਸਾਹਿਬ ਨੇ ਇਸ ਪ੍ਰਕਾਰ ਦੀਆਂ ਬਾਹਰਮੁੱਖੀ ਕ੍ਰਿਆਵਾਂ ਦਾ ਕਰੜੇ ਸ਼ਬਦਾਂ ਵਿਚ ਖੰਡਨ ਕੀਤਾ ਹੈ। ਬੇਸ਼ੱਕ ਆਪਣੀ ਇਸ ਖੰਡਨਾਤਮਕ ਰੁਚੀ ਕਾਰਨ ਕਬੀਰ ਜੀ ਨੂੰ ਵੀ ਭਗਤ ਨਾਮਦੇਵ ਅਤੇ ਭਗਤ ਰਵਿਦਾਸ ਜੀ ਵਾਂਗ ਅਸਹਿ ਤੇ ਅਕਹਿ ਕਸ਼ਟ ਸਹਾਰਨੇ ਪਏ ਪਰ ਕਬੀਰ ਸਾਹਿਬ ਨੇ ਆਪਣੀ ਰੁਚੀ ਨਹੀਂ

ਬਦਲੀ। ਉਨ੍ਹਾਂ ਨੇ ਸਮੁੰਦਰ ਕਿਨਾਰੇ ਪਈਆਂ ਸਿੱਪੀਆਂ ਅਤੇ ਘੋਗੇ ਇਕੱਤਰ ਕਰਨ ਦੀ ਬਾਹਰਮੁਖੀ ਕਿਰਿਆ ਨੂੰ ਤਿਆਗ ਕੇ ਅੰਤਰਮੁਖੀ ਸਮੁੰਦਰ ਵਿਚ ਡੂੰਘੀ ਚੁੱਬੀ ਮਾਰਦਿਆਂ ਹੀਰੇ, ਲਾਲ, ਰਤਨ ਇਕੱਤਰ ਕਰਨ ਲਈ, ਨਾਮ-ਸਿਮਰਨ ਦੀ ਪ੍ਰੇਰਨਾ ਕੀਤੀ।

ਭਗਤ ਕਬੀਰ ਜੀ ਇਸ ਵਿਸ਼ਵਾਸ ਦੇ ਧਾਰਨੀ ਸਨ ਕਿ ਪੂਜਾ-ਪਾਠ, ਗ੍ਰੰਥਾਂ-ਸ਼ਾਸਤਰਾਂ ਦਾ ਪਠਨ ਪਾਠਨ, ਗਿਆਨ ਗੋਸ਼ਟੀਆਂ ਆਦਿ ਉਦੋਂ ਤਕ ਸਫਲ ਨਹੀਂ ਹੁੰਦੀਆਂ ਜਦੋਂ ਤਕ ਮਾਨਵ-ਮਨ, ਪ੍ਰੇਮ ਦੇ ਗੁਣਾਂ ਨਾਲ ਨੱਕੋ ਨਕ ਭਰ ਨਹੀਂ ਜਾਂਦਾ।

੯. ਕਬੀਰ-ਬਾਣੀ ਦਾ ਸੁਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਿਰੋਧ ਕਰਦਿਆਂ ਇਨ੍ਹਾਂ ਨੂੰ ਜ਼ਹਿਰ ਸਮਾਨ ਦੱਸਦਾ ਹੈ ਕਿਉਂਕਿ ਇਹ ਨਸ਼ੇ ਮਾਨਵ-ਮਨ ਦੇ ਬਾਹਰਮੁਖੀ ਸੁਭਾਅ ਨੂੰ ਉਤਸ਼ਾਹਤ ਕਰਦੇ ਹਨ। ਉਹ ਤਾਂ ਉਨ੍ਹਾਂ ਸਾਧਾਂ, ਸੰਤਾਂ ਨੂੰ ਵੀ ਆੜੇ ਹੱਥੀਂ ਲੈਂਦੇ ਹਨ ਜੋ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦਿਆਂ, ਤਪ-ਸਾਧਨ ਕਰਨ ਦਾ ਢੋਂਗ ਰਚਾਉਂਦੇ ਹਨ। ਕਬੀਰ ਦੀਆਂ ਨਜ਼ਰਾਂ ਵਿਚ ਅਜਿਹੇ ਸਾਧ, ਸੰਤ, ਭੇਖੀ, ਪਾਖੰਡੀ, ਸਾਕਤ ਤੇ ਪਾਪੀ ਹਨ ਅਤੇ ਸੂਕਰ (ਕੁੱਤਾ) ਤੋਂ ਵੀ ਭੈੜੇ ਹਨ।

*ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥*
*ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥੧੪੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੭੨)*

ਦਰਅਸਲ ਨਸ਼ੀਲੀਆਂ ਵਸਤਾਂ ਖਾਸ ਤੌਰ 'ਤੇ ਸ਼ਰਾਬ ਦੀ ਵਰਤੋਂ, ਮਾਨਵ-ਕਿਰਦਾਰ ਨੂੰ ਗਿਰਾਵਟ ਵਾਲੇ ਪਾਸੇ ਲਿਜਾਣ ਦਾ ਕਾਰਣ ਬਣ ਜਾਂਦੀ ਹੈ।

੧੦. ਭਗਤ ਕਬੀਰ-ਬਾਣੀ ਦਾ ਸੁਰ, ਮੂਲ ਰੂਪ ਵਿਚ ਅਧਿਆਤਮਵਾਦੀ ਹੈ ਜੋ ਪ੍ਰਾਚੀਨ ਭਾਰਤੀ ਚਿੰਤਨ ਪਰੰਪਰਾ ਦੇ ਵਧੇਰੇ ਨੇੜੇ ਹੈ।

੧੧. ਕਬੀਰ-ਬਾਣੀ ਦਾ ਵਿਸ਼ਵਾਸ ਹੈ ਕਿ ਜਿਸ ਸਮੇਂ ਅਸੀਂ ਆਪਣੇ ਅਤੇ ਦੂਸਰੇ ਵਿਅਕਤੀ ਵਿਚਕਾਰ ਭਿੰਨ-ਭੇਦ ਸਮਾਪਤ ਕਰ ਲੈਂਦੇ ਹਾਂ ਅਥਵਾ ਆਪਣਾ ਨਫ਼ਾ ਨੁਕਸਾਨ ਹੀ ਦੂਜੇ ਦਾ ਨਫ਼ਾ ਨੁਕਸਾਨ ਸਮਝਣ ਦੀ ਬਿਰਤੀ ਵਾਲੇ ਬਣ ਜਾਂਦੇ ਹਾਂ ਤਾਂ ਅਸੀਂ ਉਸ ਅਵੱਸਥਾ ਨੂੰ ਪ੍ਰਾਪਤ ਕਰਨ ਦੇ ਨੇੜੇ ਪੁੱਜ ਜਾਂਦੇ ਹਾਂ ਜਿਸ ਨੂੰ ਨਿਰਵਾਣ-ਪਦ ਆਖਿਆ ਜਾਂਦਾ ਹੈ।

੧੨. ਕਬੀਰ-ਬਾਣੀ ਦਾ ਸੁਰ, ਸੰਨਿਆਸ ਅਥਵਾ ਯੋਗ ਸਾਧਨਾ ਵਿਚ ਵਿਸ਼ਵਾਸ ਨਹੀਂ ਰੱਖਦਾ ਸਗੋਂ ਗ੍ਰਿਹਸਤ ਮਾਰਗ ਦੇ ਧਾਰਨੀ ਹੋਣ ਦੀ ਪ੍ਰੇਰਨਾ ਕਰਦਾ ਹੈ:

*ਨਾ ਮੈ ਜੋਗ ਧਿਆਨ ਚਿਤੁ ਲਾਇਆ ॥ ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੯)*

ਉਨ੍ਹਾਂ ਦੀ ਬਾਣੀ ਵਿਚ ਘਰ-ਬਾਰ, ਬਾਲ-ਬੱਚੇ ਅਤੇ ਸੰਸਾਰਕ ਜ਼ਿੰਮੇਵਾਰੀਆਂ ਤੋਂ ਪਿੱਠ ਕਰਨ ਦੀ ਸੁਰ ਨਹੀਂ ਬੋਲਦੀ।

*ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੨੪)*

੧੩. ਕਬੀਰ-ਬਾਣੀ ਦੀ ਸੁਰ, ਕਥਨੀ ਅਤੇ ਕਰਨੀ ਵਿਚ ਸਮਾਨਤਾ ਲਿਆਉਣ ਦੀ ਗੱਲ ਕਰਦੀ ਹੈ। ਉਨ੍ਹਾਂ ਦਾ ਨਿੱਜ-ਜੀਵਨ, ਉਨ੍ਹਾਂ ਦੇ ਆਪਣੇ ਉਪਦੇਸ਼ਾਂ ਅਨੁਸਾਰ ਇਕਸੁਰ ਸੀ।

੧੪. ਕਬੀਰ ਜੀ ਨੇ ਭਗਤੀ ਅੰਦੋਲਨ ਨਾਲ ਸੰਬੰਧਤ ਹੋਣ ਕਾਰਨ, ਮਾਨਵ ਸਮਾਜ ਨੂੰ ਇਕ ਵਿਸ਼ਾਲ ਦ੍ਰਿਸ਼ਟੀ ਅਤੇ ਖੁਸ਼ਹਾਲ ਭਵਿੱਖ ਦਿੱਤਾ। ਉਹ ਪ੍ਰਸਥਿਤੀਆਂ ਨਾਲ ਜੂਝਣ ਵਾਲੇ ਜੁਝਾਰੂ ਸਨ। ਡਰਨਾ ਜਾਂ ਘਬਰਾਉਣਾ ਉਨ੍ਹਾਂ ਦੇ ਜੀਵਨ ਦਾ ਹਿੱਸਾ ਨਹੀਂ ਸੀ। ਆਪਣੀ ਸੱਚੀ ਗੱਲ ਕਹਿਣ ਸਮੇਂ ਉਹ ਨਿਰਭੈ ਯੋਧੇ ਵਾਂਗੂ ਮੈਦਾਨ ਵਿਚ ਨਿੱਤਰੇ ਅਤੇ ਏਹੋ ਉਪਦੇਸ਼ ਉਨ੍ਹਾਂ ਨੇ ਮਾਨਵ-ਸਮਾਜ ਨੂੰ ਦਿੱਤਾ।

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੦੫)*

ਨਿਰਸੰਦੇਹ ਕਬੀਰ-ਯੁੱਗ ਵਿਚ ਉੱਤਰੀ ਭਾਰਤ ਦੇ ਸਮਾਜ ਦੀ ਧਾਰਮਿਕ ਦਸ਼ਾ ਬਹੁਤ ਹੀ ਅਜੀਬ ਅਤੇ ਤਰਸਯੋਗ ਸੀ। ਇਹ ਠੀਕ ਹੈ ਕਿ ਉਸ ਸਮੇਂ ਹਿੰਦੂ ਧਰਮ, ਇਸਲਾਮ, ਬੁੱਧ, ਜੈਨ, ਨਾਥ ਜੋਗੀ, ਸ਼ਾਕਤ ਆਦਿ ਆਪੋ ਆਪਣੀ ਥਾਂ ਸਰਗਰਮ ਸਨ। ਪਰ ਇਨ੍ਹਾਂ ਦੇ ਆਗੂ ਜਨ-ਕਲਿਆਣ ਦੀ ਥਾਂ ਨਿੱਜ-ਕਲਿਆਣ ਕਰਨ ਵਿਚ ਵਧੇਰੇ ਰੁੱਝੇ ਹੋਏ ਸਨ ਅਤੇ ਆਪੋ ਆਪਣੀ ਕੱਟੜਵਾਦੀ ਵਿਚਾਰਧਾਰਾ ਕਾਰਨ ਇਕ ਦੂਜੇ ਨੂੰ ਭੰਡ ਰਹੇ ਸਨ। ਇਨ੍ਹਾਂ ਦੀਆਂ ਪੂਜਾ-ਵਿਧੀਆਂ ਵੀ ਕੇਵਲ ਬਾਹਰੀ ਆਡੰਬਰਾਂ ਤੱਕ ਹੀ ਸੀਮਤ ਸਨ। ਇਸ ਅਰਾਜਕਤਾ ਭਰੇ ਮਹੌਲ ਵਿਚ ਜਨ-ਸਧਾਰਨ ਨੂੰ ਸੱਚ ਦੇ ਰਸਤੇ ਉਤੇ ਤੁਰਨ ਦੀ ਗੱਲ ਕਰਨੀ ਅਤੇ ਸਦਾਚਾਰਕ ਗੁਣ ਧਾਰਨ ਕਰਨ ਦੇ ਉਪਦੇਸ਼ ਦੇਣਾ ਬੜੀ ਕਠਿਨ ਸਮੱਸਿਆ ਸੀ ਪਰ ਅਸੀਂ ਦੇਖਦੇ ਹਾਂ ਕਿ ਕਬੀਰ ਸਾਹਿਬ ਨੇ ਅਜਿਹਾ ਚਮਤਕਾਰ ਕਰਕੇ ਵਿਖਾਇਆ। ਉਨ੍ਹਾਂ ਨੇ ਪਹਿਲਾ ਕੰਮ ਹੀ ਇਹ ਕੀਤਾ ਕਿ ਜਨ-ਸਧਾਰਣ ਦੇ ਦੁੱਖ-ਸੁਖ ਨੂੰ ਆਪਣਾ ਦੁੱਖ-

ਸੁਖ ਬਣਾਉਂਦਿਆਂ ਉਨ੍ਹਾਂ ਨਾਲ ਸਿੱਧਾ ਸੰਪਰਕ ਜੋੜ ਲਿਆ। ਉਨ੍ਹਾਂ ਨੇ ਆਪਣੀ ਵਿਚਾਰਧਾਰਾ ਲੋਕ-ਵਿਚਾਰਧਾਰਾ ਦੇ ਅਨੁਕੂਲ ਬਣਾ ਲਈ। ਆਪਣੇ ਉਪਦੇਸ਼ਾਂ ਦਾ ਸੰਚਾਰ ਮਾਧਿਅਮ ਵੀ ਬਣਾਇਆ ਲੋਕ-ਕਾਵਿ ਅਤੇ ਲੋਕ-ਭਾਸ਼ਾ ਨੂੰ। ਧਿਆਨ ਨਾਲ ਵਿਚਾਰੀਏ ਤਾਂ ਸਾਨੂੰ ਕਬੀਰ-ਬਾਣੀ ਵਿਚ ਕਿਸੇ ਵੀ ਧਰਮ ਦੇ ਮੂਲ ਦਾ ਵਿਰੋਧ ਨਹੀਂ ਮਿਲਦਾ। ਵਿਰੋਧ ਹੈ ਉਨ੍ਹਾਂ ਕਰਮ-ਕਾਂਡਾਂ ਤੇ ਆਡੰਬਰਾਂ ਦਾ ਜੋ ਮਾਨਵ-ਜੀਵਨ ਵਿਕਾਸ ਲਈ ਯੋਗਦਾਨ ਪਾਉਣ ਦੇ ਸਮਰੱਥ ਹੀ ਨਹੀਂ ਸਨ ਰਹੇ।

ਅਸੀਂ ਵੇਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਬੀਰ-ਬਾਣੀ ਦੇ ਪ੍ਰਮੁਖ ਸੁਰ, ਹਰ ਪੱਖੋਂ ਮਨੁੱਖ ਦੀ ਅੰਦਰੂਨੀ ਅਵੱਸਥਾ ਨੂੰ ਸੁਧਾਰਨ ਉਪਰ ਬਲ ਦੇਣ ਵਾਲੇ ਹਨ। ਉਨ੍ਹਾਂ ਦੇ ਉਪਦੇਸ਼ (Extrovert) ਬਾਹਰਮੁੱਖੀ ਨਹੀਂ ਹਨ (Introvert) ਅੰਤਰਮੁਖੀ ਹਨ। ਏਸੇ ਲਈ ਉਨ੍ਹਾਂ ਨੂੰ ਮੰਦਰ, ਮਸਜਿਦ ਵਿਚ ਰਾਮ ਤੇ ਰਹੀਮ ਵਿਚ ਕੋਈ ਅੰਤਰ ਨਹੀਂ ਦਿੱਸਦਾ।

*ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥*
*ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੯)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਦੀ ਬਾਣੀ ਬਾਰੇ ਵਿਦਵਾਨਾਂ ਦੇ ਵਿਚਾਰ:

**੧. ਅਚਾਰੀਆ ਪਰਸ਼ੂਰਾਮ ਚਤੁਰਵੇਦੀ:** 'ਆਦਿ ਗ੍ਰੰਥ' ਵਿਚ ਉਪਲਬਧ ਸੰਸਕਾਰਣਾਂ ਦਾ ਵੀ ਪਾਠ ਉਨਾਂ ਅਪ੍ਰਮਾਣਿਕ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਦੇ ਸੰਸ਼ੋਧਨ ਦਾ ਸਾਹਸ ਕਰਨਾ ਸੰਭਵ ਨਹੀਂ ਰਿਹਾ ਹੈ। ਇਨ੍ਹਾਂ ਵਿਚ ਮੂਲ ਰੂਪ ਵਿਚ ਕਬੀਰ ਸਾਹਿਬ ਦੀਆਂ ਰਚਨਾਵਾਂ ਦਾ ਉਹ ਰੂਪ ਜ਼ਰੂਰ ਸੁਰੱਖਿਅਤ ਮੰਨਿਆ ਜਾ ਸਕਦਾ ਹੈ ਜਿਹੜਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਉਨ੍ਹਾਂ ਦੇ ਜਾਣਕਾਰਾਂ ਨੇ ਪੇਸ਼ ਕੀਤਾ ਹੋਵੇਗਾ ਅਤੇ ਜਿਸ ਨੂੰ ਭਾਈ ਗੁਰਦਾਸ ਨੇ ਗੁਰਮੁਖੀ ਲਿੱਪੀ ਵਿਚ ਆਪਣੇ ਢੰਗ ਨਾਲ ਲਿੱਪੀਬਧ ਕਰ ਲਿਆ ਹੋਵੇਗਾ।

**੨. ਡਾ. ਗੁਰਨਾਮ ਕੌਰ ਬੇਦੀ:** "ਕਬੀਰ ਬਾਣੀ, ਗੁਰਬਾਣੀ ਦੇ ਪ੍ਰਸੰਗ ਵਿਚ ਆਪਣਾ ਇਕ ਸਾਰਥਿਕ ਅਸਤਿਤਵ ਸਥਾਪਿਤ ਕਰਦੀ ਹੈ।"

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਬੀਰ-ਬਾਣੀ ਦਾ ਆਲੋਚਨਾਤਮਕ ਅਧਿਐਨ ,੧੨੨)*

**੩. ਡਾ. ਰਾਮ ਕੁਮਾਰ ਵਰਮਾ:** "ਮੇਰੇ ਸਾਹਮਣੇ ਵਧ ਤੋਂ ਵਧ ਭਰੋਸੇਯੋਗ ਪਾਠ ਸ੍ਰੀ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਪ੍ਰਾਪਤ ਹੁੰਦਾ ਹੈ। ਸ੍ਰੀ (ਗੁਰੂ)

ਗ੍ਰੰਥ ਸਾਹਿਬ (ਜੀ) ਦਾ ਸੰਕਲਨ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸੰਨ ੧੬੦੪ (ਸੰਮਤ ੧੬੬੧) ਵਿਚ ਕੀਤਾ ਸੀ। ਸੰਨ ੧੬੦੪ ਦਾ ਇਹ ਪਾਠ ਬੇਹੱਦ ਪ੍ਰਮਾਣਿਕ ਹੈ। ਇਸ ਦਾ ਕਾਰਣ ਇਹ ਹੈ ਕਿ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ (ਸਾਹਿਬ ਜੀ) ਸਿੱਖਾਂ ਦਾ ਧਾਰਮਿਕ ਗ੍ਰੰਥ ਹੈ। ਇਹ ਗ੍ਰੰਥ ਸਿੱਖਾਂ ਦੁਆਰਾ 'ਦੇਵ ਸਵਰੂਪ' ਪੂਜਨੀਕ ਹੋਣ ਕਾਰਣ ਆਪਣੇ ਰੂਪ ਵਿਚ ਅਨੂਠਾ ਹੈ ਅਤੇ ਇਸ ਦੇ ਪਾਠ ਨੂੰ ਛੇੜਨ ਦਾ ਸਾਹਸ ਕਿਸੇ ਨੂੰ ਨਹੀਂ ਹੋ ਸਕਿਆ। ਇਥੋਂ ਤਕ ਕਿ ਇਕ ਇਕ ਮਾਤਰਾ ਨੂੰ ਮੰਤਰਸ਼ਕਤੀ ਨਾਲ ਭਰਪੂਰ ਸਮਝ ਕੇ ਉਸ ਨੂੰ ਯਥਾਵਤ ਹੀ ਲਿਖਣ ਅਤੇ ਛਾਪਣ ਦਾ ਕੰਮ ਚੱਲਿਆ ਆ ਰਿਹਾ ਹੈ। ਇਹ ਗ੍ਰੰਥ ਗੁਰਮੁਖੀ ਲਿੱਪੀ ਵਿਚ ਹੈ। ਜਦ ਗੁਰਮੁਖੀ ਲਿੱਪੀ ਤੋਂ ਇਹ ਦੇਵਨਾਗਰੀ ਲਿਪੀ ਵਿਚ ਛਾਪਿਆ ਗਿਆ ਤਦ 'ਸ਼ਬਦ ਦੇ ਸਥਾਨ ਤੇ ਸ਼ਬਦ' ਰੂਪ ਵਿਚ ਹੀ ਇਸ ਦਾ ਰੂਪਾਂਤਰਨ ਹੋਇਆ ਕਿਉਂਕਿ ਸਿੱਖ ਧਰਮ ਦੇ ਪੈਰੋਕਾਰਾਂ ਵਿਚ ਵਿਸ਼ਵਾਸ ਹੈ ਕਿ ਮਹਾਂਪੁਰਖਾਂ ਵਲੋਂ ਜੋ ਅੱਖਰ ਦੇ ਜੋੜ-ਤੋੜ ਮੰਤਰ ਰੂਪ ਦੈਵੀ ਬਾਣੀ ਵਿਚ ਹੋਇਆ ਕਰਦੇ ਹਨ, ਉਨ੍ਹਾਂ ਦੇ ਮਿਲਾਪ ਵਿਚ ਕੋਈ ਮੋਖਸ਼ ਸ਼ਕਤੀ ਹੁੰਦੀ ਹੈ, ਜਿਸਨੂੰ ਸਰਵ ਸਾਧਾਰਣ ਅਸੀਂ ਲੋਗ ਨਹੀਂ ਸਮਝ ਸਕਦੇ। ਪਰੰਤੂ ਉਨ੍ਹਾਂ ਦੇ ਪਠਨ-ਪਾਠਨ ਵਿਚ ਉਸੇ ਤਰ੍ਹਾਂ ਉਚਾਰਣ ਨਾਲ ਹੀ ਪੂਰਣ ਸਿੱਧੀ ਪ੍ਰਾਪਤ ਹੋ ਸਕਦੀ ਹੈ। ਇਸ ਦੇ ਇਲਾਵਾ ਇਹ ਵੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੮੦ ਪ੍ਰਤੀਸ਼ਤ ਸ਼ਬਦ ਅਜਿਹੇ ਹਨ ਜੋ ਹਿੰਦੀ ਪਾਠਕ ਠੀਕ ਠੀਕ ਸਮਝ ਸਕਦੇ ਹਨ। ਇਹ ਵਿਚਾਰ ਕਰਕੇ ਹੀ ਇਹ ਬੀੜ ਗੁਰਮੁਖੀ ਲਿਖਤ ਅਨੁਸਾਰ ਹੀ ਰੱਖੀ ਗਈ ਹੈ ਅਰਥਾਤ ਸਿਰਫ ਗੁਰਮੁਖੀ ਅੱਖਰਾਂ ਦੀ ਜਗ੍ਹਾ ਹਿੰਦੀ (ਦੇਵਨਾਗਰੀ) ਅੱਖਰ ਹੀ ਬਦਲੇ ਗਏ ਹਨ।"

*(ਪ੍ਰਕਾਸ਼ਕ ਕੀ ਵਿਨਯ, ਪੰਨਾ ੧੬, ਭਾਈ ਮੋਹਨ ਸਿੰਘ ਵੈਦ)*

ਇਸ ਤਰ੍ਹਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਜੋ ਸੰਨ ੧੬੦੪ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਕੀਤਾ ਗਿਆ ਸੀ, ਉਹ ਅੱਜ ਵੀ ਵਰਤਮਾਨ ਹੈ। ਕਿਸੀ ਪੰਡਤ ਦੁਆਰਾ ਉਹ ਨਹੀਂ 'ਸੋਧਿਆ' ਗਿਆ। ਇਸ ਤਰ੍ਹਾਂ ਇਸ ਪਾਠ ਨੂੰ ਅਸੀਂ ਵਧ ਤੋਂ ਵਧ ਪ੍ਰਮਾਣਿਕ ਪਾਠ ਮੰਨ ਸਕਦੇ ਹਾਂ। ਫਿਰ ਗੁਰਮੁਖੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਿਆ ਗਿਆ ਹੈ, ਦੇਵਨਗਰੀ ਨਾਲੋਂ ਮੁਕਾਬਲਤਨ ਘਟ ਪ੍ਰਚਲਿਤ ਹੈ। ਸੋ ਦੇਵਨਾਗਰੀ ਲਿੱਪੀ ਦੇ ਲਿੱਪੀਕਾਰਾਂ ਤੋਂ ਜਿਨੀਆਂ ਅਸ਼ੁਧੀਆਂ ਦੀ ਸੰਭਾਵਨਾ ਹੋ ਸਕਦੀ ਹੈ, ਉਨੀ ਗੁਰਮੁਖੀ ਲਿੱਪੀ ਦੇ ਲਿੱਪੀਕਾਰਾਂ ਤੋਂ ਨਹੀਂ।

## ਸੰਦਰਭ ਗ੍ਰੰਥ ਸੂਚੀ :


੧. ਸ਼ਬਦਾਰਥ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੬੪।

੨. ਸਾਹਿਬ ਸਿੰਘ, ਭਗਤ ਬਾਣੀ ਸਟੀਕ, ਚੌਥਾ ਹਿੱਸਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੮੦।

੩. ਜੋਧ ਸਿੰਘ (ਡਾ.), ਬਾਣੀ ਭਗਤ ਕਬੀਰ ਜੀ ਸਟੀਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੧।

੪. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਇਤਿਹਾਸ, ਫਕੀਰ ਚੰਦ ਐਂਡ ਸਨਜ਼, ਅੰਮ੍ਰਿਤਸਰ, ੧੯੬੩।

੫. ਸਰਨਾਮ ਸਿੰਘ ਸ਼ਰਮਾ, (ਡਾ.), ਕਬੀਰ ਵਿਅਕਤਿਤਵ, ਕਰਤਿਤਵ ਏਵਮ ਸਿਧਾਂਤ, ਭਾਰਤੀਯ ਸ਼ੋਧ ਸੰਸਥਾਨ, ਗੁਲਾਬਪੁਰਾ, ੧੯੬੯।

੬. ਕੇ. ਸ੍ਰੀਲਤਾ ਡਾ., ਕਬੀਰ-ਕਾਵਿ ਔਰ ਯੁਗ ਏਕ ਪੁਨਰਮੁਲਾਂਕਣ, ਜਵਾਹਰ ਪੁਸਤਕਾਲਯ, ਮਥੁਰਾ, ੧੯੯੭।

੭. ਮਨਮੋਹਨ ਸਹਿਗਲ (ਡਾ.), ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵਦਸ਼ਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੧।

੮. ਗੁਰਨਾਮ ਕੌਰ ਬੇਦੀ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, ੧੯੮੭।

੯. ਭੱਟ ਸੁਰਯਨਰਾਇਣ, ਕਬੀਰ-ਮਾਨਵਤਾ, ਸਰਸਵਤੀ ਪ੍ਰਕਾਸ਼ਨ ਮੰਦਿਰ, ਅਲਾਹਾਬਾਦ, ੧੯੮੪।

੧੦. ਵਰਮਾ, ਰਾਮ ਕੁਮਾਰ, ਸੰਤ ਕਬੀਰ, ਸਾਹਿਤ ਭਵਨ, ਅਲਾਹਾਬਾਦ, ੧੯੬੬।

੧੧. ਰਾਜਦੇਵ ਸਿੰਘ, ਆਧੁਨਿਕ ਕਬੀਰ, ਲੋਕਭਾਰਤੀ ਪ੍ਰਕਾਸ਼ਨ, ਅਲਾਹਬਾਦ।

੧੨. ਸੇਵਾ ਸਿੰਘ (ਡਾ.), ਕਬੀਰ ਕਾ ਇਸਤਰੀ ਦ੍ਰਿਸ਼ਟੀਕੋਣ, ਨਿਰਮਲ ਪਬਲੀਕੇਸ਼ਨਜ਼, ਦਿੱਲੀ, ੧੯੯੭।

੧੩. ਬੇਦੀ, ਹਰਮਹੇਂਦਰ ਸਿੰਘ, ਕਾਲਜਯੀ ਕਬੀਰ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, ੧੯੯੭।

੧੪. ਚਤੁਰਵੇਦੀ, ਪਰਸੂਰਾਮ, ਕਬੀਰ-ਸਾਹਿਤ ਦੀ ਪਰਖ, ਭਾਰਤੀ ਭੰਡਾਰ, ਅਲਾਹਾਬਾਦ, ਸੰਵਤ ੨੦੨੧।

੧੫. ਦਿਵੇਦੀ, ਹਜ਼ਾਰੀ ਪ੍ਰਸ਼ਾਦ, ਕਬੀਰ ਸਾਹਿਤ ਦੀ ਪਰਖ, ਭਾਰਤੀ ਭੰਡਾਰ, ਅਲਾਹਾਬਾਦ, ਸੰਵਤ ੨੦੨੧।

੧੬. ਤ੍ਰਿਪਾਠੀ, ਆਰਿਆ ਪ੍ਰਸਾਦ (ਡਾ.), ਕਬੀਰ ਸਾਹਿਤ ਦਾ ਸਾਂਸਕ੍ਰਿਤਕ ਅਧਿਐਨ, ਸਰੋਜ ਪ੍ਰਕਾਸ਼ਨ, ਅਲਾਹਾਬਾਦ, ੧੯੭੪।

੧੭. ਜੈਦੇਵ ਸਿੰਘ (ਡਾ.), ਕਬੀਰ ਬਾਣੀ, ਪੀਯੂਸ਼ ਵਿਸ਼ਵ ਵਿਦਿਆਲਾ ਪ੍ਰਕਾਸ਼ਨ, ਵਾਰਾਨਸੀ, ੧੯੭੯।

੧੮. ਤ੍ਰਿਗੁਣਾਤਮਿਤ ਗੋਬਿੰਦ, ਕਬੀਰ ਕੀ ਵਿਚਾਰਧਾਰਾ, ਸਾਹਿਤ ਨਿਕੇਤਨ, ਕਾਨਪੁਰ, ਸੰਵਤ ੨੦੨੪।

★ ★ ★

''ਪੂਜਾ ਅਕਾਲ ਕੀ,

ਪਰਚਾ ਸ਼ਬਦ ਕਾ,

ਦੀਦਾਰ ਖਾਲਸੇ ਕਾ''

''ਕਿਰਤ ਕਰੋ,

ਨਾਮ ਜਪੋ,

ਵੰਡ ਛਕੋ''

''ਅੰਮ੍ਰਿਤ ਛਕੋ,

ਸਿੰਘ ਸਜੋ,

ਨਸ਼ੇ ਛੱਡੋ''

''ਗੁਰਮੁਖੀ ਸਿੱਖੋ,

ਗੁਰਮੁਖੀ ਲਿਖੋ,

ਗੁਰਮੁਖੀ ਪੜ੍ਹੋ''